ਮਾਸਕ ੧ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ


ਪਟਿਆਲਾ

## ਸ਼ਹੀਦੀ ਅਸਥਾਨ

ਸ੍ਰੀ ਗੁਰੂ ਅਰਜਨ ਦੇਵ ਜੀ

ਸ਼ਹੀਦੀ ਨੰਬਰ

ਜੂਨ ੧੯੬੭



ਗੁਰਦਵਾਰਾ ਡੇਹਰਾ ਸਾਹਿਬ ਲਾਹੌਰ (ਪਾਕਿਸਤਾਨ)

www.AKJ.Org

## ਲੇਖ ਸੂਚੀ


| ਨੰ: | ਲੇਖ | ਪੰਨੇ | ਲੇਖਕ |
|---|---|---|---|
| ੧. | ਸੰਪਾਦਕੀ ਨੋਟ | (ਸ) | ਸੰਪਾਦਕ |
| ੨. | ਗੁਰਧਾਮਾਂ ਦੀ ਯਾਤਰਾ | ੨ | ਭਾਈ ਹਰਚਰਨ ਸਿੰਘ ਜੀ ਚੰਦੀਗੜ੍ਹ |
| ੩, | ਸ੍ਰੀ ਗੁਰੂ ਅਰਜਨ ਦੇਵ | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੪. | ਮੌਤ ਅਤੇ ਸ਼ਹੀਦੀ | ੯ | ਭਾਈ ਮਾਲਿਕ ਸਿੰਘ ਜੀ B Sc. ਕਾਨਪੁਰ |
| ੫. | ਸੋ ਡਰੈ ਜਿਨ ਪਾਪ ਕੱਮਤੇ ਰਾਮ | ੧੭ | ਭਾਈ ਮਨਮੋਹਨ ਸਿੰਘ ਜੀ M.Sc ਜੈਪੁਰ |
| ੬. | ਗੁਰੂ ਅਰਜਨ ਪ੍ਰਤਖ ਹਰਿ | ੨੨ | ਭਾਈ ਸਤਿਨਾਮ ਸਿੰਘ ਜੀ ਲੁਧਿਆਣਾ |
| ੭. | ਨਵਾਂ ਮਿਸ਼ਰਣ | ੨੯ | ਮਾ: ਗੁਰਮੁਖ ਸਿੰਘ ਜੀ M.A.B.Ed ਪਟਿਆਲਾ। |
| ੮. | ਸਿਮਰਨ ਦਾਤਾ ਸਤਿਗੁਰੂ | ੩੪ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੯. | ਕੇਸ ਕਿਉਂ ? | ੩੯ | ਡਾ: ਤੇਜਇੰਦਰ ਸਿੰਘ ਜੀ ਭੁਪਾਲ |
| ੧੦. | ਸਾਹਿਬ ਸ੍ਰੀ ਗੁਰੂ ਅਰਜਨ ਦੇਵ | ੪੩ | ਭਾਈ ਜਸਬੀਰ ਸਿੰਘ ਜੀ ਪਟਿਆਲਾ |


## ਮਾਸਕ ਪੱਤਰ 'ਸੂਰਾ' ਪਟਿਆਲਾ ਦਾ ਸਲਾਨਾ ਚੰਦਾ

| | |
|---|---|
| ਦੇਸ਼ | ੬.੦੦ |
| ਪ੍ਰਦੇਸ਼ | ੧੦.੦੦ |
| ਪ੍ਰਤੀ ਕਾਪੀ | ੦.੬੦ |

ਦਾਸ ਮੈਨੇਜਰ

www.AKJ.Org

ਕਉ ਹਰਿ ਰੰਗੁ ਲਾਗੋ ਇਸ ਜੁਗਿ ਮਹਿ, ਸੋ ਕਹੀਅਤ ਹੈ ਸੂਰਾ

੧ਓ ਵਾਹਿਗੁਰੂ ਜੀ ਕੀ ਫ਼ਤਹਿ॥

ਮਾਸਕ

# ਸੂਰਾ

## ਪਟਿਆਲਾ

ਪੱਤਰ

### ਗੁਰਮਤਿ ਪ੍ਰਚਾਰਕ ਮਾਸਕ ਪੱਤਰ

ਲਦ ਨੰ: ੨ | ਜੇਠ-ਹਾੜ ੪੯੮ ਨਾਨਕਸ਼ਾਹੀ | ਅੰਕ ਨੰ: ੫

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥

ਬਾਰ ਮਾਹਾਂ ਮਾਝ ਮਹਲਾ ੫ ਘਰ ੪

ਆਨਰੇਰੀ ਐਡੀਟਰ :
ਮਨੋਹਰ ਸਿੰਘ

ਜੂਨ ੧੯੬੭

ਸਲਾਹਕਾਰ ਬੋਰਡ :-
ਬਾਊ ਮਲ ਸਿੰਘ ਜੀ, ਭਾਈ ਜੋਗਿੰਦਰ ਸਿੰਘ ਜੀ,
ਭਾਈ ਮਹਿੰਦਰ ਸਿੰਘ ਜੀ, ਭਾਈ ਸੇਵਾ ਸਿੰਘ ਜੀ,
ਭਾਈ ਮਨਮੋਹਨ ਸਿੰਘ ਜੀ, ਭਾਈ ਅਜੀਤ ਸਿੰਘ ਜੀ,

www.AKJ.Org

## ਸੰਪਾਦਕੀ

ਸ਼ਹੀਦਾਂ ਦੇ ਸਿਰਤਾਜ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਇਸੇ ਮਹੀਨੇ ਸ਼ਹੀਦੀ ਸਾਕਾ ਹੋਇਆ ਸੀ। ਸਿਖ ਸੰਗਤਾਂ ਅਗੇ ਅਜ ਤਕ ਗੁਰੂ ਸਾਹਿਬ ਦਾ ਇਕ ਪਖ ਬੜੀ ਉਤੇਜਨਾ ਨਾਲ ਭਾਵ-ਪੂਰਬਕ ਰਖਿਆ ਜਾਂਦਾ ਹੈ। ਸ਼ਹੀਦੀ ਸਾਕੇ ਦੀਆਂ ਸਾਖੀਆਂ ਸਾਡੇ 'ਪਰਚਾਰਕ' ਜਨ ਸੰਗਤ ਦੇ ਇਕਠ ਦਾ ਬੁਧੀ-ਸਤਰ Level of undrtanding) ਦੇਖ ਕੇ ਲੋੜ ਅਨੁਸਾਰ ਵਧੀਆ ਘਟੀਆ ਮਿਸਾਲੇ ਲਾ ਲਾ ਕੇ ਰਖਦੇ ਹਨ। ਉਹਨਾਂ ਦਾ ਮਕਸਦ ਸ਼ਾਇਦ ਸਾਡੇ ਜਜ਼ਬਾਤ ਨਾਲ ਖੇਲਣਾ ਹੁੰਦਾ ਹੈ, ਪਰ ਦੂਜੇ ਪਾਸੇ ਉਹ ਗੁਰੂ ਸਾਹਿਬ ਦਾ ਕੇਵਲ ਇਕ ਪਖ ਪੇਸ਼ ਕਰਕੇ ਸੰਗਤਾਂ ਨੂੰ ਆਪ ਦੇ ਬਹੁਪਖੀ ਜੀਵਨ ਤੋਂ ਵਾਂਜਾ ਰਖਣ ਦੀ ਬੇਇਨਸਾਫੀ ਕਰਦੇ ਹਨ।

ਨਤੀਜਾ ਇਹ ਹੁੰਦਾ ਹੈ ਕਿ ਜਦੋਂ ਅਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਾਮ ਲੈਂਦੇ ਹਾਂ ਸਾਡੀ ਕਲਪਨਾ ਦੀ ਲੜੀ (association of images) ਸਾਡੇ ਸਾਹਮਣੇ ਬਜ਼ਾਰੀ ਤਸਵੀਰਾਂ ਰਾਹੀਂ ਚਿਤਰਿਤ ਸ਼ਾਂਤ ਮੂਰਤ ਗੁਰਦੇਵ ਜੀ ਦੀ ਤੱਤੀ ਲੋਹ ਤੇ ਬਰਾਜੀ ਤਸਵੀਰ ਲੈ ਆਉਂਦੀ ਹੈ। ਕੀ ਕੇਵਲ ਇਹੋ ਗੁਰੂ ਅਰਜਨ ਦੇਵ ਜੀ ਦਾ ਸਾਰਾ ਜੀਵਨ ਸੀ ? ਸ਼ਹੀਦੀ ਤਾਂ ਆਪ ਜੀ ਦਾ ਕੇਵਲ ਅੰਤਮ ਸਾਕਾ ਸੀ, ਜੋ ਗੁਰੂ ਘਰ ਵਿੱਚ ਪਹਿਲੀ ਵਾਰ ਸਤਿਗੁਰਾਂ ਨੇ ਖਿੜੇ ਮਥੇ ਚੁੰਮਿਆ, 'ਤੇਰਾ ਭਾਣਾ ਮੀਠਾ' ਕਰਕੇ ਮੰਨਿਆ ਭਾਵੇਂ ਦਿਲੀ ਤੇ ਲਾਹੌਰ ਦੀ ਇਟ ਨਾਲ ਇਟ ਖੜਕਾਨ ਦੀ ਸਮਰਥਾ ਆਪ ਜੀ ਰਖਦੇ ਸਨ।

ਆਪ ਦਾ ਜਨਮ ਵਿਸਾਖ ਵਦੀ ੭ ਸੰਮਤ ੧੬੨੦ ਗੋਇੰਦਵਾਲ ਵਿੱਚ ਹੋਇਆ ਪਿਤਾ ਗੁਰੂ ਅਮਰਦਾਸ ਜੀ ਸਨ ਤੇ ਮਾਤਾ ਬੀਬੀ ਭਾਨੀ ਜੀ, ਸਤਿਗੁਰਾਂ ਦੀ ਲਾਡਲੀ ਸਪੁਤਰੀ। ਆਪ ਜੀ ਕਰੀਬ ੧੮ ਬਰਸ ਦੀ ਉਮਰ ਵਿੱਚ ਭਾਦੋਂ ਸੁਦੀ ੨ ਸੰਮਤ ੧੬੩੮ ਬਿ. ਨੂੰ ਗੁਰੂ ਗੱਦੀ ਤੇ ਬਿਰਾਜੇ। ੧੬੩੮ ਤੋਂ ੧੬੬੩ (ਜੇਠ ਸੁਦੀ ੪) ੨੫ ਸਾਲ ਦੇ ਵਡੇ ਅਰਸੇ ਵਿੱਚ ਆਪ ਜੀ ਨੇ ਖਾਲਸਾ ਪੰਥ ਦੀਆਂ ਨੀਹਾਂ ਦੀ ਉਸਾਰੀ ਦਾ ਜੋ ਕੰਮ ਕੀਤਾ ਉਸ ਤੋਂ ਪਰਤੀਤ ਹੁੰਦਾ ਕਿ ਗੁਰੂ ਮਹਾਰਾਜ ਭਾਵੇਂ ਜਗਤ ਨੂੰ ਸੁਪਨਾ ਸਮਝਦੇ ਸਨ, ਪਰ ਜਗਤ ਤੋਂ ਉਪਰਾਮ ਨਹੀਂ ਹੋਏ ਨਾ ਹੀ ਉਪਰਾਮ ਹੋਣ ਦਾ ਉਪਦੇਸ਼ ਦਿਤਾ।

ਅਜ ਦੇ ਜਾਂ ਪੁਰਾਤਨ ਭਾਰਤੀ ਫਿਲਾਸਫਰਾਂ ਨੂੰ ਜਦੋਂ ਕਦੀ ਵੀ ਜ਼ਰਾ ਕੁ ਸਵੈ-ਚੇਤਨਤਾ ( Self Consciousness ) ਦੀ ਜਾਗ ਲਗਦੀ ਹੈ, ਉਹ ਅੰਤਰ-ਮੁਖੀ (Introverts) ਬਣ ਜਾਂਦੇ ਹਨ, ਦੁਨੀਆਂ ਨੂੰ ਟੁਚ ਸਮਝਦੇ ਹਨ, ਅਤੇ ਜੋ ਲੋਗ ਜੀਵਨ ਵਿਚ ਦਿਲਚਸਪੀ ਲੈਂਦੇ ਹਨ, ਉਹਨਾਂ ਨੂੰ ਘਰ ਤਿਆਗ ਕੇ ਜੀਵਨ ਤੋਂ ਅਸਤੀਫਾ (retire) ਦੇਣ ਦੀ ਸਲਾਹ ਦਿੰਦੇ ਹਨ।



www.AKJ.Org

ਪੰਜਵੇਂ ਪਾਤਸ਼ਾਹ ਸਰਬ-ਵਿਆਪੀ ਚੇਤਨਤਾ (Cosmic Consciousness) ਨਾਲ "ਓਤ-ਪੋਤ ਸਾਗਰ ਬੂੰਦੇ ਹੋਂ" ਦੀ ਅਵਸਥਾ ਨੂੰ ਪ੍ਰਾਪਤ ਹੋਕੇ ਵੀ ਨਿਰੇ ਪੁਰੇ ਅੰਤਰ ਮੁਖੀ ਨਹੀਂ ਹਏ। ਆਪ ਸਦਾ ਬਾਹਰ ਮੁਖੀ (Extrovert) ਰਹੇ। ਆਪ ਜੀ ਨੇ ਇਨਾਂ ੨੫ ਸਾਲਾਂ ਵਿਚ ਅਠ ਮਹਾਨ ਤੀਰਥਾਂ ਦੀ ਉਸਾਰੀ ਕੀਤੀ, (੧) ਸ੍ਰੀ ਸੰਤੋਖਸਰ ੧੬੪੩ ਬਿ, (੨) ਸ੍ਰੀ ਹਰਮੰਦਰ ਸਾਹਬ ੧੬੪੫ ਬਿ, (੩) ਸ੍ਰੀ ਤਰਨਤਾਰਨ ਸਾਹਿਬ ੧੬੪੭ ਬਿ (੪) ਸ੍ਰੀ ਕਰਤਾਰਪੁਰ ੧੬੫੦, (੫) ਛਿਹਰਟਾ ਸਾਹਿਬ ੧੬੫੨, (੬) ਬਾਉਲੀ ਸਾਹਿਬ ੧੬੫੬ ਬਿ, (੭) ਰਾਮ ਸਰ ੧੬੫੯–੬੦ ਬਿ, (੮) ਗੁਰੂ ਕਾ ਬਾਗ ੧੬੬੦-੬੧

੧੬੪੩ ਬਿਕਰਮੀ ਤੋਂ ੧੬੬੧ ਬਿ, ੧੬੬੧ ਬਿ, ਤਕ ੧੮ ਸਾਲ ਲਗਾਤਾਰ ਕੋਈ ਨ ਕੋਈ ਅਸਥਾਨ ਸਿਖ, ਸੰਗਤਾਂ ਲਈ ਬਨਵਾਂਉਂਦੇ ਰਹੇ, ਇਸ ਦੌਰਾਨ ਆਪ ਜੀ ਨੇ ੧੬੬੧ ਭਾਦਰੋਂ ਸੁਦੀ ੧ ਨੂੰ ਸ੍ਰੀ ਹਰਮੰਦਰ ਸਾਹਿਬ ਵਿਖੇ ਆਦਿ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦੀ ਅਸਥਾਪਨਾ ਕੀਤੀ।

ਸਤਿਗੁਰ ਜੀ ਰਾਗ ਦੇ ਚੰਗੇ ਮਾਹਰ ਸਨ। ਗੁਰੂ ਘਰ ਦੀ ਪ੍ਰੰਪਰਾ ਕੀਰਤਨ ਦੀ ਬਣ ਚੁਕੀ ਸੀ, ਅਤੇ ਕੀਰਤਨ ਪਹਿਲਾਂ ਭਾਈ ਮਰਦਾਨਾ ਜੀ, ਤੇ ਬਾਦ ਵਿੱਚ ਹੋਰ ਰਬਾਬੀ ਸਜਨ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਗੁਰੂ ਦਰਬਾਰ ਵਿੱਚ ਕਰਦੇ ਰਹੇ। ਰਾਗ ਅਤੇ ਕੀਰਤਨ ਸਿਖ ਸੰਗਤਾਂ ਦੀ ਲੋੜੀਂਦੀ ਆਤਮਕ ਖੁਰਾਕ ਬਣ ਚੁਕੀ ਸੀ। ਇਸ ਲਈ ਰਾਗ ਵਿਦਿਆ ਦਾ ਪ੍ਰਚਾਰ ਸਿਖ ਸੰਗਤਾਂ ਵਿਚ ਵਧ ਚੁਕਾ ਸੀ।

ਸ੍ਰੀ ਰਾਗ ਤੋਂ ਲੈ ਕੇ ਜੈਜਾਵੰਤੀ ਰਾਗ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਦੀ ਸਮਸਰ ਬਾਣੀ ਨੂੰ ੩੧ ਵਿਸ਼ੇਸ਼ ਰਾਗਾਂ ਵਿੱਚ ਵੰਡਣਾ ਗੁਰੂ ਮਹਾਰਾਜ ਦੀ ਸੰਗੀਤਕ ਵਾਕਫੀਅਤ ਅਤੇ ਇਸ ਕੋਮਲ ਹੁਨਰ ਲਈ ਆਪ ਦੀ ਕਦਰਦਾਨੀ ਤੇ ਸ਼ਲਾਘਾ ਦਾ ਸਭ ਤੋਂ ਵਡਾ ਸਬੂਤ ਹੈ। ਰਾਗ ਦੇ ਨਾਲ ਨਾਲ ਤਕਰੀਬਨ ਹਰ ਸ਼ਬਦ ਨੂੰ ਗਾਇਨ ਕਰਨ ਲਈ ਸਤਿਗੁਰੂ ਜੀ ਨੇ ਤਾਰਾਂ ਦੀ ਸੂਚਨਾ ਦਿਤੀ ਹੋਈ ਹੈ। ਭਾਵ ਕਿਸ ਤਾਰ ਵਿਚ ਗਾਇਨ ਕਰਨੀ ਹੈ। ਤਾਰ ਲਈ ਮਹਾਰਾਜ ਨੇ 'ਘਰ' ਸ਼ਬਦ ਵਰਤਿਆ ਹੈ। ਅਤੇ ਆਪ ਦੀ ਢਾਢੀਆਂ ਨੂੰ ਹਿਦਾਇਤ ਹੁੰਦੀ ਸੀ। ਕਿ ਉਹ ਗੁਰਬਾਣੀ ਨੂੰ ਉਪਰੋਕਤ ਰਾਗਾਂ ਤੇ ਤਾਰਾਂ ਵਿਚ ਪਾ ਕੇ ਗਾਇਨ ਕਰਨ। ਪਰ ਅਜ ਇਸ ਹੁਕਮ ਦੀ ਬਹੁਤੀ ਪੈਰਵੀ ਕਿਥੇ ਕਿਥੇ ਹੁੰਦੀ ਹੈ, ਆਮ ਸਿੱਖ ਸੰਗਤਾਂ ਵਿਚ ਫਿਲਮੀ ਸੰਗੀਤ ਦਾ ਜੋ ਰਿਵਾਜ ਪਿਆ ਹੋਇਆ ਹੈ ਉਹ ਕਦੋਂ ਇਹ ਮੌਜ ਮਾਣ ਸਕਦੇ ਹਨ, "ਪੰਨ ਸੁਰਾਗ ਸੁਹੰਗੜੇ ਆਲਾਪਤ ਸਭ ਤਿਖ ਜਾਇ।"

ਹੋਰ ਢਾਢੀ ਵੀਰ ਗੁਰੂ ਕੇ ਕੀਰਤਨੀਏ ਵੀ ਸਤਿਗੁਰਾਂ ਦੀ ਹਿਦਾਇਤ ਤੇ ਜੇ ਚਲਨ ਦਾ ਜਤਨ ਕਰਨ ਤਾਂ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੋਣ ਗੀਆਂ ਅਖੰਡ ਕੀਰਤਨੀ ਜੱਥਾ ਹੀ ਇਕ ਐਸਾ ਜੱਥਾ ਹੈ ਜੋ ਇਸ ਪਵਿਤ੍ਰ ਬੀੜੇ ਨੂੰ ਚੁਕ ਸਕਦਾ ਜਿਥੇ ਪੁਰਾਤਨ ਸਿੰਘਾਂ ਵਾਲਾ ਜੀਵਨ ਧਾਰਨ ਕਰਨ ਤੇ ਇਤਨਾ ਜ਼ੋਰ ਦਿਤਾ ਜਾਂਦਾ ਹੈ ਉਥੇ ਕੀਰਤਨ ਨੂੰ ਅਗੇ ਵਧਾਣ ਲਈ ਪੁਰਾਤਨ ਪਰਵਾਨਤ ਲੀਹਾਂ ਤੇ ਕੀਰਤਨ ਕਰਨ ਦਾ ਜਤਨ ਵੀ ਕੀਤਾ ਜਾਏ ਤਾਂ ਕਿਹਾ ਚੰਗਾ ਹੋਵੇ। ਰਾਗ ਵਿਦਿਆ ਦਾ ਪਚਾਰ ਦਿਨੋਂ ਦਿਨ ਹਰ ਪਾਸੇ ਘਟ ਰਿਹਾ ਹੈ, ਜੇ ਕੋਈ ਇਸ ਨੂੰ ਸਾਂਭ ਸਕਦਾ ਹੈ, ਤਾਂ ਉਹ ਕੇਵਲ ਕੀਰਤਨੀ ਜਾ ਕੀਰਤਨ ਨਾਲ ਪਿਆਰ ਕਰਨ ਵਾਲੇ ਹੀ ਹੋ ਸਕਦਾ ਹਨ। ਸਾਡੇ ਪਾਸ ਤਾਂ ਸਾਰੀ ਬਾਣੀ ਹੀ ਰਾਗਾਂ ਤੇ ਅਧਾਰਤ ਹੈ। ਰਾਗ ਅਤੇ ਕੀਰਤਨ ਸਾਡੇ ਅਮੋਲਵੇਂ ਜੀਵਨ ਅੰਗ ਹਨ। ਜਿਸ ਰਾਗ ਦਾ ਸ਼ਬਦ ਹੈ ਉਸੇ ਰਾਗ ਵਿਚ ਹੀ ਗਾਇਨ ਕਰਨਾ ਸਤਿਗੁਰਾਂ ਜੀ ਦੀਆਂ ਸਚੀਆਂ ਖੁਸ਼ੀਆਂ ਪ੍ਰਾਪਤ ਕਰਨਾ ਹੈ।



www.AKJ.Org

# ਪਵਿੱਤਰ ਗੁਰਧਾਮਾਂ ਦੀ ਯਾਤਰਾ

ਚੰਡੀਗੜ੍ਹ ਹੋਲੇ ਮਹਲੇ ਦੇ ਸਮਾਗਮ ਤੇ ਬਾਹਰੋਂ ਆਏ ਸਾਰੇ ਜਥੇ ਦੇ ਮੁਖੀ ਕੀਰਤਨੀਆਂ ਨੇ ਅਕਤੂਬਰ ਵਿਚ ਸ੍ਰੀ ਪਟਨਾ ਸਾਹਿਬ ਅਤੇ ਸ੍ਰੀ ਹਜ਼ੂਰ ਸਾਹਿਬ ਆਦਿ ਗੁਰਧਾਮਾਂ ਦੀ ਯਾਤਰਾ ਲਈ ਪਰਵਾਨਗੀ ਬਖਸ਼ ਦਿਤੀ ਸੀ। ਇਹ ਫੈਸਲਾ ਭੀ ਕਰ ਲਿਆ ਸੀ ਯਾਤਰਾ ਲਈ ਦੋ ਬੱਸਾਂ ਚੰਡੀਗੜ੍ਹ ਤੋਂ ਚਲਣ ਗੀਆਂ ਅਤੇ ਇੱਕ ਬੱਸ ਦਿੱਲੀ ਤੋਂ। ਚੰਡੀਗੜ੍ਹ ਤੋਂ ਚਲਣ ਵਾਲੀਆਂ ਬੱਸਾਂ ਲਈ ਹੇਠ ਲਿਖੇ ਵੀਰਾਂ ਅਤੇ ਭੈਣਾਂ ਨੇ (Reservation fee) ਦੇ ਕੇ ਸੀਟਾਂ ਬੁਕ ਕਰਵਾ ਲਈਆਂ ਹਨ :—

(੧) ਭਾ: ਜੋਗਿੰਦਰ ਸਿੰਘ ਜੀ ਤਲਵਾੜਾ ਅਤੇ ਸਤਾਰਾਂ ਹੋਰ ਸਾਥੀ। (ਤਲਵਾੜੇ ਦੇ ਸਾਰੇ ਵੀਰਾਂ ਦੀ ਦਾਸ ਪਾਸ ਲਿਸਟ ਨਹੀਂ ਪੁਜੀ)।

(੨) ਭਾ: ਮਹਿੰਦਰਸਿੰਘ ਜੀ ਕੀਰਤਨੀਏ (ਸਾਬਕ) ਪਟਿਆਲਾ (ਜੋੜੀ-ਭਾਵ ਇਨ੍ਹਾਂ ਦੀ ਧਰਮ ਪਤਨੀ ਭੀ।

(੩) ਭਾ: ਜੀਵਨ ਸਿੰਘ ਜੀ ਰਾਗੀ ਲੁਧਿਆਣਾ (ਜੋੜੀ)।

(੪) ਸੁਦਾਰਨੀ ਜੱਸਟਸ ਹਰਬੰਸ ਸਿੰਘ ਜੀ ਚੰਡੀਗੜ੍ਹ।

(੫) ਭਾਈ ਹਰਬੰਸ ਸਿੰਘ ਜੀ ਬਬਰ ਚੰਡੀਗੜ੍ਹ। (ਜੋੜੀ)।

(੬) ਬੀਬੀ ਇੰਦਰਜੀਤ ਕੌਰ ਜੀ ਅਤੇ ਬੀਬੀ ਜਸਬੀਰ ਕੌਰ ਜੀ ਚੰਡੀਗੜ੍ਹ।

(੭) ਭਾ: ਨਰਿੰਦਰ ਸਿੰਘ ਜੀ ਚੰਡੀਗੜ੍ਹ (ਜੋੜੀ)।

(੮) ਭਾ: ਸ਼ਾਮ ਸਿੰਘ ਜੀ ਖੰਨਾ (ਜੋੜੀ)।

(੯) ਭਾ: ਪਾਲ ਸਿੰਘ ਚੰਡੀਗੜ੍ਹ।

(੧੦) ਭਾ: ਤੇਜਿੰਦਰ ਸਿੰਘ ਜੀ ਪਸ਼ੌਰੀਆ ਚੰਡੀਗੜ੍ਹ

(੧੧) ਭਾ: ਸ਼ੰਗਾਰਾ ਸਿੰਘ ਜੀ ਚੰਡੀਗੜ੍ਹ।

(੧੨) ਭਾ: ਪ੍ਰੀਤਮ ਸਿੰਘ ਜੀ ਚੰਡੀਗੜ੍ਹ।

(੧੩) ਭਾ; ਅਜੀਤ ਸਿੰਘ ਜੀ ਲੁਧਿਆਣਾ (ਜੋੜੀ)

(੧੪) ਬੀਬੀ ਬਲਵੰਤ ਕੌਰ ਜੀ ਚੰਡੀਗੜ੍ਹ।

(੧੫) ਭਾ: ਕਾਹਣ ਸਿੰਘ ਜੀ ਚੰਡੀਗੜ੍ਹ।

(੧੬) ਭਾ; ਮਾਨ ਸਿੰਘ ਜੀ ਚੰਡੀਗੜ੍ਹ।

(੧੭) ਬਖਸ਼ੀ ਨਰਿੰਦਰ ਸਿੰਘ ਜੀ ਚੰਡੀਗੜ੍ਹ (ਜੋੜੀ)

(੧੮) ਸੁਦਾਰਨੀ ਦਲੀਪ ਕੌਰ ਜੀ ਕੰਗ ਐਡਵੋਕੇਟ ਚੰਡੀਗੜ੍ਹ।

(੧੯) ਭਾ: ਇੰਦਰ ਸਿੰਘ ਜੀ ਖ਼ਾਲਸਾ ਬੂਟ ਹਾਊਸ ਸ਼ਿਮਲਾ (ਜੋੜੀ)।

(੨੦) ਭਾ: ਹਜ਼ੂਰਾ ਸਿੰਘ ਜੀ ਮਾਨ ਚੰਡੀਗੜ੍ਹ।

(੨੧) ਭਾਈ ਬਲਵੰਤ ਸਿੰਘ ਜੀ ਮਾਨ ਚੰਡੀਗੜ੍ਹ।



www.AKJ.Org

(੨੨) ਬੀਬੀ ਜਗਜੀਤ ਕੌਰ ਜੀ ਚੰਡੀਗੜ੍ਹ। (ਜੋੜੀ)
(੨੩) ਭਾ: ਬਰਨ ਸਿੰਘ ਜੀ ਇਨਸਪੈਕਟਰ ਪੁਲੀਸ ਪਟਿਆਲਾ (ਜੋੜੀ)।
(੨੪) ਤੇਰਾਂ ਹੋਰ ਪਟਿਆਲੇ ਦੀ ਸੰਗਤਾ ਵਾਸਤੇ ਖਾਲੀ ਰਖੀਆਂ ਹਨ।
(੨੪) ਤੇਈ ਸੀਟਾਂ ਲਈ ਯਾ ਤਾਂ ਦਾਸ ਨੂੰ ਬੁਕ ਕਰਨ ਵਾਸਤੇ ਹੁਕਮ ਪੁਜੇ ਹਨ ਯਾ ਅੱਧ-ਪੱਚਦ ਮਾਇਆ ਪੁਜੀ ਹੈ। ਇਹ ਸੱਜਣ ਪੰਜਾਹ

ਰੁਪਏ ਫੀ ਸੀਟ ਭੇਜ ਕੇ ਪੱਕੀਆਂ ਸੀਟਾਂ ਬੁਕ ਕਰਵਾ ਲੈਣ। ਜੇ ਪੂਰੀ ਮਾਇਆ ੧੫ ਜੂਨ ਤੱਕ ਨਾ ਪੁਜੀ ਤਾਂ ਇਨ੍ਹਾਂ ਦੀ ਥਾਂ ਹੋਰ ਸੱਜਣਾਂ ਨੂੰ ਸੀਟਾਂ ਦਿਤੀਆਂ ਜਾਣਗੀਆਂ। ਬਾਕੀ ੧੨ ਸੀਟਾਂ ਬਚਦੀਆਂ ਹਨ। ਜੋ ਜਥੇ ਦਾ ਸੱਜਣ ਯਾਤਰਾ ਵਿਚ ਸ਼ਾਮਲ ਹੋਣਾ ਚਾਹੁੰਦਾ ਹੈ। ਉਹ ਦਾਸ ਨਾਲ ਚਿਠੀ ਪੱਤਰ ਕਰ ਲਵੇ।

---

# ਸ੍ਰੀ ਹਜ਼ੂਰ ਸਾਹਿਬ ਅਤੇ ਹੋਰ ਪਵਿਤਰ ਗੁਰਦਵਾਰਿਆਂ ਦੀ ਯਾਤਰਾ ਦੇ ਪਰੋਗਰਾਮ

[ ਸੰਖੇਪ ਅਖਰ ਰਵਾਨਗੀ = ਰ ] ਸਵੇਰੇ = ਸ
[ ਪੁਹੰਚਣ = ਪ ] ਸ਼ਾਮ = ਸ਼ਾ

| | | |
|---|---|---|
| ਮਿਤੀ ੨੭-੯-੬੭ | ਰਵਾਨਗੀ ਚੰਡੀਗੜ੍ਹ ਸਵੇਰੇ ੫ ਵਜੇ<br>ਪਹੁੰਚਣਾ ਦਿਲੀ ਸ਼ਾਮ | |
| ੨੮-੯-੬੭ | ਠਹਿਰਾਓ ਦਿੱਲੀ) ਯਾਤਰਾ ਗੁ: ਸੀਸ ਗੰਜ, ਰਕਾਬ ਗੰਜ, ਬੰਗਲਾ ਸਾਹਿਬ, ਮਾਤਾ ਸੁੰਦਰੀ ਜੀ | |
| ੨੯-੯-੬੭ | ਰ. ਦਿਲੀ ਸ.<br>ਪ. ਆਗਰਾ ਸ਼ਾ. | |
| ੩੦-੯-੬੭ | ਰ. ਆਗਰਾ ਸ.<br>ਪ. ਝਾਂਸੀ ਸ਼ਾ. | ਯਾਤਰਾ ਗੁਰਦ੍ਵਾਰਾ ਬੰਦੀ ਛੋੜ ਗਵਾਲਿਆਰ |
| ੧-੧੦-੬੭ | ਰ. ਝਾਂਸੀ ਸ.<br>ਪ. ਭੂਪਾਲ ਸ਼ਾ. | ਭੂਪਾਲ ਠਹਿਰਾਂ ੨-੧੦-੬੭ ਅਤੇ ਅੰਮ੍ਰਿਤ ਸੰਚਾਰ |
| ੩-੧੦-੬੩ | ਰ. ਭੂਪਾਲ ਸ.<br>ਪ. ਮਨਮਾਦ ਸ਼ਾ. | |
| ੪-੧੦-੬੭ | ਰ. ਮਨਮਾਦ ਸ.<br>ਪ. ਬੰਬਈ ਸ਼ਾ. | ਠਹਿਰਾ ਬੰਬਈ। ਸਮਾਗਮ ੫, ੬, ੭, ਅਕਤੂਬਰ, |
| ੮-੧੫-੬੭ | ਰ. ਬੰਬਈ ਸ.<br>ਪ. ਪੂਨਾ ਸ਼ਾ. | |



www.AKJ.Org

| | | | |
|---|---|---|---|
| ੯-੧੦-੬੭ | ਰ. ਪੂਨਾ | ਸ. | |
| | ਪ. ਨਾਨਕ ਝੇਰਾ | ਸ਼ਾ. | |
| ੧੦-੧੦-੬੭ | ਰ. ਨਾਨਕ ਝੇਰਾ | ਸ.] | ਠਹਿਰਾ ਦਰਸ਼ਨ ਤਖ਼ਤ ਸ੍ਰੀ ਹਜ਼ੂਰ ਸਾਹਿਬ |
| | ਪ. ਸ੍ਰੀ ਹਜ਼ੂਰ ਸਾਹਿਬ | ਸ਼ਾ.] | ੧੧, ੧੨, ੧੩ |
| ੧੪-੧੦-੬੭ | ਰ. ਸ੍ਰੀ ਹਜ਼ੂਰ ਸਾਹਿਬ | ਸ. | |
| | ਪ. ਨਾਗਪੁਰ | ਸ਼ਾ. | |
| ੧੫-੧੦-੬੭ | ਰ. ਨਾਗਪੁਰ | ਸ. | |
| | ਪ. ਹੀਰਾ ਕੁੰਦ | ਸ਼ਾ. | |
| ੧੬-੧੦-੬੭ | ਰ. ਹੀਰਾਂ ਕੁੰਦ | ਸ.] | ਠਹਿਰਾ ੧੭, ੧੮, ੧੯, ਅਕਤੂਬਰ |
| | ਪ. ਕਲਕੱਤਾ | ਸ਼ਾ.] | |
| ੨੦-੧੦-੬੭ | ਰ. ਕਲਕੱਤਾ | ਸ. | |
| | ਪ. ਇਕ ਪੜਾ | ਸ਼ਾ. | |
| ੨੧-੧੦-੬੭ | ਪ. ਬਨਾਰਸ | ਸ. | |
| | ਰ. ਇਕ ਪੜਾ | ਸ਼ਾ. | |
| ੨੨-੧੦-੬੭ | ਰ. ਬਨਾਰਸ | ਸ.] | ਠਹਿਰਾ ਅਤੇ ਦਰਸ਼ਨ ਤਖ਼ਤ ਸ੍ਰੀ ਪਟਨਾ ਸਾਹਿਬ |
| | ਪ. ਪਟਨਾ ਸਾਹਿਬ | ਸ਼ਾ.] | ੨੩, ੨੪ ਅਕਤੂਬਰ |
| ੨੫-੧੦-੬੭ | ਰ. ਸ੍ਰੀ ਪਟਨਾ ਸਾਹਿਬ | ਸ. | |
| | ਪ. ਅਲਾਹਬਾਦ | ਸ਼ਾ. | |
| ੨੬-੧੦-੬੭ | ਰ. ਅਲਾਹਬਾਦ | ਸ. | |
| | ਪ. ਕਾਨਪੁਰ | ਸ਼ਾ. | |
| ੨੭-੧੦-੬੭ | ਰ. ਕਾਨਪੁਰ | ਸ. | |
| | ਪ. ਅਲੀਗੜ੍ਹ | ਸ਼ਾ. | |
| ੨੮-੧੦-੬੭ | ਰ. ਅਲੀਗੜ੍ਹ | ਸ. | |
| | ਪ. ਚੰਡੀਗੜ੍ਹ | ਸ਼ਾ. | |

ਇਨ੍ਹਾਂ ਸ਼ਹਿਰਾਂ ਵਿੱਚ ਰਹਿਣ ਵਾਲੇ ਸਿੰਘ ਇਹ ਜਿਥੇ ਦੈ ਮੁਖੀ ਕੀਰਤਨੀਆਂ ਦੀ ਯਾਤਰਾ ਦਾ ਲਾਭ ਉਠਾਂ ਕੇ ਆਪਣੇ ਸ਼ਹਿਰਾਂ ਵਿੱਚ ਵੱਡੇ ਵੱਡੇ ਕੀਰਤਨ ਸਮਾਗਮ: ਅੰਮ੍ਰਿਤ ਸੰਚਾਰ ਸਮਾਗਮ ਅਤੇ ਰੈਣ ਸਬਾਈ ਸਮਾਗਮ ਰੱਖਣ। ਲੰਗਰ ਆਦਿ ਦੀ ਸੇਵਾ ਭੀ ਸਥਾਨਕ ਸੰਗਤਾਂ ਨਾਲ ਰਲ ਮਿਲਕੇ ਕਰਣ।

ਇੱਕ ਮਹੀਨੇ ਦੇ ਲੱਗ ਭੱਗ ਇਹ ਯਾਤਰਾ ਹੋਵੇਗੀ। ਦਿਨ ਰਾਤ ਕੀਰਤਨ, ਰੈਣ ਸਬਾਈ ਸਮਾਗਮ ਨਿੱਤਨੇਮ, ਸੁਖਮਨੀ ਸਾਹਿਬ ਦੇ ਪਾਠ, ਨਾਮ ਸਿਮਰਣ ਦੇ ਪਰਵਾਹ ਅਕਾਲ ਪੁਰਖ ਦੀ ਮੇਹਰ ਨਾਲ ਚੱਲਣਗੇ।

ਕੂਕਰ ਰਾਮ ਕੋ ਹਰਚਰਨ ਸਿੰਘ
P. S. S
Room No 20 Seventh Floor
Punjab civil Secretariat,
Chandigarh (Punjab)



www.AKJ.Org

# ਜ਼ਰੂਰੀ ਬੇਨਤੀ

ਪਾਠਕਾਂ ਨੂੰ ਜਾਣਕੇ ਖ਼ੁਸ਼ੀ ਹੋਵੇਗੀ ਕਿ ਸਾਧ ਸੰਗਤ ਦੀ ਸਰਪ੍ਰਸਤੀ ਤੇ ਉਤਸ਼ਾਹ ਸਦਕਾ ਡੇਢ ਸਾਲ ਦੇ ਥੋੜੇ ਜਿਹੇ ਸਮੇਂ ਵਿਚ ਅਜ ਅਸੀਂ "ਸੂਰਾ ਪ੍ਰਿੰਟਿੰਗ ਪ੍ਰੈਸ" ਲਗਾਣ ਦੇ ਯੋਗ ਹੋਏ ਹਾਂ। ਪ੍ਰੈਸ ਦੀ ਮਸ਼ੀਨਰੀ ਪਟਿਆਲਾ ਪੁਜ ਚੁਕੀ ਹੈ। ਅਤੇ ਅਗਲੇ 'ਸੂਰਾ' ਮਾਸਕ-ਪੱਤਰ ਨੂੰ "ਸੂਰਾ ਪ੍ਰਿੰਟਿੰਗ ਪ੍ਰੈਸ" ਤੋਂ ਹੀ ਪ੍ਰਕਾਸ਼ਤ ਕਰਨ ਦਾ ਜਤਨ ਕਰਾਂਗੇ। ਪ੍ਰੈਸ ਖਰੀਦਣ ਤੋਂ ਪਹਿਲਾਂ ਬਹੁਤ ਸਾਰੇ ਸਿੰਘਾਂ ਨੇ ਸਹਾਇਤਾ ਵਜੋਂ ਮਾਇਆ ਦੇ ਗਫੇ ਘਲਣ ਲਈ ਕਿਹਾ ਸੀ, ਸੋ ਹੁਣ ਸੁੰਦਰ ਮੌਕਾ ਹੈ। ਮਾਇਆ ਹੇਠ ਲਿਖੇ ਪਤੇ ਤੇ ਘਲਣ ਦੀ ਕਿਰਪਾਲਤਾ ਕਰਨੀ।

ਸਾਧ ਸੰਗਤ ਦਾ ਦਾਸ :

**ਪਿਆਰਾ ਸਿੰਘ**

ਮੈਨੇਜਰ 'ਸੂਰਾ)

ਰਾਘੋਮਾਜਰਾ ਪਟਿਆਲਾ—੩

## ਦਫ਼ਤਰ ਬਦਲ ਗਿਆ

ਨਵੇਂ 'ਸੂਰਾ' ਪ੍ਰਿੰਟਿੰਗ ਪ੍ਰੈਸ' ਦੇ ਅਸਥਾਪਤ ਕਰਨ ਲਈ ਸੂਰਾ ਮਾਸਕ ਪੱਤਰ ਦਾ ਦਫਤਰ ਵੀ ਬਦਲ ਦਿਤਾ ਗਿਆ ਹੈ। ਪਾਠਕ ਜਨ ਤੇ ਲੇਖਕ ਵੀਰ ਨੋਟ ਕਰਨ। ਅਗੇ ਲਈ ਪੁਛ ਗਿਛ ਚਿਠੀ ਪੱਤ੍ਰ ਹੇਠ ਲਿਖੇ ਪਤੇ ਤੇ ਕੀਤੀ ਜਾਵੇ।

ਦਾਸਰਾ

(ਮੈਨੇਜਰ ਸੂਰਾ)

ਰਾਘੋਮਾਜਰਾ ਪਟਿਆਲਾ—੩

## ਧੰਨਵਾਦ

ਹੇਠ ਦਿਤੇ ਪਾਠਕਾਂ ਨੇ ਮਾਸਕ ਪੱਤਰ 'ਸੂਰਾ ਨੂੰ ਸਹਾਇਤਾ ਭੇਜੀ ਹੈ। ਅਸੀਂ ਉਹਨਾਂ ਦ ਬਹੁਤ ਧਨਵਾਦੀ ਹਾਂ। ਦਾਸ ਮੈਨੇਜਰ

| | |
|---|---|
| (੧) ਇਕ ਗੁਰਮੁਖ ਪਿਆਰਾ ... | ੧੫੮.੦੦ |
| (੨) ਭਾਃ ਇੰਦਰ ਸਿੰਘ ਜੀ ਖਾਃ ਬੂਟ ਹਾਊਸ ਸ਼ਿਮਲਾ ... | ੧੧.੦੦ |
| (੩) ਭਾਃ ਜਸਵੰਤਸਿੰਘ ਜੀ ਦਿਲੀ... | ੫.੦੦ |
| (੪) ਭਾਃ ਬਾਗ ਸਿੰਘ ਜੀ ਤੇ ਅਜੀਤ ਸਿੰਘ ਜੀ ਗੋਬਿੰਦ ਨਗਰ ਕਾਨਪੁਰ... | ੫.੦੦ |
| (੫) ਭਾਃ ਗੁਰਚਰਨ ਸਿੰਘ ਜੀ ਗੋਬਿੰਦ ਨਗਰ ਕਾਨਪੁਰ ... | ੫.੦੦ |
| ਕੁਲ ਜੋੜ | ੧੮੪.੦੦ |

## ਆਪ ਜੀ ਦਾ ਚੰਦਾ

ਗੁਰਮੁਖ ਪਾਠਕੋ ! ਇਸ ਥਾਂ ਤੇ ਜੇ ਲਾਲ ਰੰਗ ਦੀ ਚਰਖੜੀ + ਹੈ ਤਾਂ ਇਸਦਾ ਅਰਥ ਹੈ ਕਿ ਆਪ ਦਾ ਚੰਦਾ ਸਮਾਪਤ ਹੈ।੬] ਅਗਲੇ ਸਾਲ ਦਾ ਚੰਦਾ ਭੇਜ ਕੇ ਗੁਰਮਤਿ ਪ੍ਰਚਾਰ ਵਿਚ ਹਿਸਾ ਪਾਕੇ ਜੀਵਨ ਸਫਲ ਕਰੋ।

ਦਾਸ ਮੈਨੇਜਰ 'ਸੂਰਾ' ਰਾਘੋ ਮਾਜਰਾ ਪਟਿਆਲਾ-੩



www.AKJ.Org

# ਗੁਰੁ ਅਰਜੁਨੁ ਪਰਤਖ ਹਰਿ ।

ਕਲਿ ਸਮੁਦ ਭਏ ਰੂਪ ਪ੍ਰਗਟਿ ਹਰਿ ਨਾਮ ਉਧਾਰਨੁ ॥

ਬਸਹਿ ਸੰਤ ਜਿਸੁ ਰਿਦੇ ਦੁਖ ਦਾਰਿਦ੍ਰ ਨਿਵਾਰਨੁ ॥

ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ ॥

ਮਨ ਬਚ ਜਿਨਿ ਜਾਣਿਅਉ ਭਯਉ ਤਿਹ ਸਮਸਰਿ ਸੋਈ ॥

ਧਰਨਿ ਗਗਨ ਨਵਖੰਡ ਮਹਿ ਜੋਤਿ ਸਵਰੂਪੀ ਰਹਿਓ ਭਰਿ ॥

ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ ਹਰਿ ॥

ਸਵਈਏ ਮਹਲੇ ਪੰਜਵੇ ਕੇ ੫

## ਇਸ ਮਹੀਨੇ ਵਿਚ ਗੁਰਪੁਰਬ

ਗੁਰੂ ਅਰਜਨ ਦੇਵ ਜੀ ਸ਼ਹੀਦੀ ਗੁਰਪੁਰਬ ੧੨ ਜੂਨ
ਗੁਰੂ ਹਰਿਗੋਬਿੰਦ ਸਾਹਿਬ ਅਵਤਾਰ ਧਾਰਿਆ ੨੩ ਜੂਨ



www.AKJ.Org

ਭਾਈ ਸਾਹਿਬ ਭਾਈ
ਰਣਧੀਰ ਸਿੰਘ ਜੀ

# ਸ੍ਰੀ ਗੁਰੂ ਅਰਜਨ ਦੇਵ ਜੀ

ਪ੍ਰਭੂ ਪਠਾਏ ਧੁਰੋਂ ਆਏ ਧਰਮ ਧੁਰੰਧਰੀ ਸਰਬੱਗ ਪੁਰਖਾਂ ਦੇ ਸ਼ਹੀਦੀ ਸਾਕੇ ਅਲਪੱਗ ਅਕਲਾਂ ਵਾਲੇ ਸੰਸਾਰੀ ਜੀਵ ਕੀ ਲਿਖ ਲਿਖਾ ਸਕਦੇ ਹਨ। ਕਲਾਧਾਰੀ ਅਕਲ ਕਲਾ ਅਪਰੰਪਰੀ ਅਮਰ ਅਟਾਰਿਆਂ ਦੇ ਧਰਮ ਧੁਜੀ ਗੁਰੂ ਅਵਤਾਰ ਸ੍ਰੀ ਗੁਰੂ ਅਰਜਨ ਸਾਹਿਬ ਦੇ ਸ਼ਹਾਦਤੀ ਚਲਤ ਚੋਜਾਂ ਦਾ ਪਾਰਾਵਾਰ ਤਾਂ ਕੋਈ ਕੀ ਪਾ ਸਕਦਾ ਹੈ। ਭਾਈ ਮੰਝ ਅਤੇ ਮੂਸਨ ਸਾਰਖੇ ਸ੍ਰੀ ਗੁਰੂ ਪੰਚਮ ਪਾਤਸ਼ਾਹੀ ਦੇ ਅਨਿੰਨ ਸਿੱਖ ਸੰਤ ਭਗਤਾਂ ਦੀ ਕਰਨੀ ਕਮਲ ਜਮਾਲ ਨੂੰ ਭੀ ਓਹੀ ਜਨ ਲਿਖ ਬੁਝ ਸਕਦਾ ਹੈ, ਜੋ ਖੁਦ ਸਾਹਿਬੇ ਕਸ਼ਫ ਕਮਾਲ ਹੋਵੇ ਅਤੇ ਜਿਸ ਨੂੰ ਗੁਰੂ ਕਰੁਣਾ ਦੁਆਰਾ ਅਗਮ ਨਿਗਮ ਦੀ ਅਗੰਮੀ ਸੋਝੀ ਹੋ ਗਈ ਹੋਵੇ। ਜਿਸ ਦੀ ਆਤਮ ਬਿਰਤੀ ਉਹਨਾਂ ਮੰਡਲਾਂ ਵਿਚ ਹੀ ਖੇਡਦੀ ਹੋਵੇ। ਜਿਸ ਊਚ ਮੰਡਲੀ ਮੰਜ਼ਲਾਂ ਉੱਤੇ ਪੁੱਗ ਚੁਕੇ ਅਲੌਕਿਕ ਸ਼ਹੀਦਾਂ ਦੇ ਭੂਤ ਕਾਲ ਵਿਖੇ ਵਰਤੇ ਸ਼ਹੀਦੀ ਬਿਰਤਾਂਤ ਦਾ ਦ੍ਰਿਸ਼ ਸਾਂਗੋ ਪਾਂਗ ਲਿਖਣ ਨੂੰ ਉਹ ਸਮਰਥ ਹੋਣ, ਓਹੀ ਬਸ ਓਹੀ, ਸਚੀ ਸ਼ਹੀਦੀ ਉਤੇ ਕੋਈ ਸਚਾ ਲੇਖ ਲਿਖ ਸਕਦੇ ਹਨ। ਤਿਨਾਂ ਉੱਤੇ ਦੀ ਛਿਨ ਭੰਗਰ ਮਾਤਰ ਭੂਤ ਭਵਿਖਤ ਚਮਤਕਾਰਾਂ ਦੇ ਦਾਨੀ ਲਖਣਹਾਰੇ ਹੋਣ ਦੀ ਕ੍ਰਿਸ਼ਮ ਕਟਾਖਸ਼ੀ ਦਿੱਬ ਦ੍ਰਿਸ਼ਟੀਆਂ ਨਾਜ਼ਲ ਹੋ ਗਈਆਂ ਹੋਣ। ਉਹਨਾਂ ਤੋਂ ਭੀ ਗੁਰੂ ਸਾਹਿਬ ਅਜੇਹੇ ਲੇਖ ਲਿਖਣ ਲਿਖਾਉਣ ਦੀ ਸੇਵਾ ਆਪ ਲੈ ਲੈਂਦੇ ਹਨ। ਐਂਵੇ ਮਨ ਮਰਜ਼ੀਦੇ ਅਕਲੀਢਕੌਂਸਲੇ ਲਿਖ ੨ ਕੇ ਅਖਬਾਰਾਂ ਦੇ ਕਾਲਮ ਕਾਲੇ ਕਰਨੇ ਕੱਖ ਮਾਤ੍ਰ ਭੀ ਲਾਭਦਾਇਕ ਹੋ ਨਹੀਂ ਸਕਦੇ। ਲੋਕਾਂ ਨੂੰ ਲੇਖ ਲਿਖਾਉਣ ਦੇ ਮੇਨੀਏ ਲਗੇ ਹੋਏ ਹਨ। ਤੱਤ ਲਿਖਾਰੀ ਕਿਸੇ ਦੇ ਜ਼ੋਰ ਕੀਤੇ ਹੋਏ ਕਦੇ ਕੁਝ ਨਹੀਂ ਲਿਖਣਗੇ। ਜਦੋਂ ਉਹਨਾਂ ਨੂੰ ਆਤਮ ਤ੍ਰੰਗੀਕੋਈ ਕਾਂਗ ਉਠੇਗੀ ਤਦੋਂ ਉਹਨਾਂ ਦੇ ਅੰਤਰ ਆਤਮੇ ਬਚਿਤਰ ਚਰਿਤਰਾਂ ਦੇ ਚਿਤ੍ਰ ਸਾਂਗੋ ਪਾਂਗ ਆਨ ਅੰਕ੍ਰਿਤ ਹੋਣਗੇ। ਚਿਤ੍ਰਾਂ ਨੂੰ ਲਖ ਕੇ ਲਿਖਿਆ ਲੇਖ ਅਤੇ ਚਿਤ੍ਰਿਆ ਚਿੱਤ੍ਰ ਹੀ ਗੁਣਕਾਰੀ ਹੈ। ਨਾ ਅਸੀਂ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਦੇ ਪਾਏ ਤੱਤ ਸ਼ਹੀਦੀ ਪੂਰਨਿਆਂ ਦੀ ਤਹਿ ਨੂੰ ਪੁਜ ਸਕਦੇ ਹਾਂ ਅਤੇ ਨਾ ਉਕੱਤ ਸ਼ਹੀਦੀ ਤੱਤ ਆਦਰਸ਼ ਦਾ ਅਨੁਮਾਨ ਲਾ ਸਕਦੇ ਹਾਂ। ਐਂਵੇ ਲੋਕੀ ਆਪੋ ਆਪਣੀਆਂ ਅਕਲਾਂ ਦੇ ਲਖਨ ਲਾ ਲਾ ਕੇ ਲੇਖ ਲਿਖਣ ਦਾ ਦਿਲ ਪ੍ਰਚਾਵਾ ਕਰਦੇ ਹਨ। ਅਸਾਨੂੰ ਤਾਂ ਉਸ ਅਤਿ ਉੱਚੀ ਦਰਗਾਹ ਵਾਲੇ ਸਤਿਗੁਰੂ ਦੀ ਸ਼ਹੀਦੀ ਸ਼ਾਨ ਵਿੱਚ ਕੁਝ ਲਿਖਣ ਦਾ ਹੀਆ ਨਹੀਂ ਪੈਂਦਾ। ਨਾ ਹੀ ਕੁਝ ਔੜਦਾ ਹੈ। ਉਨ੍ਹਾਂ ਦੇ ਚਰਨਾਂ ਵਿੱਚ ਚੁੱਭੀ ਮਾਰ ਕੇ ਜੇ ਇਕ ਅਕਸ ਮਾਤ੍ਰ ਭੀ



www.AKJ.Org

ਉੱਚੇ ਚੜ੍ਹੀਏ ਤਾਂ ਸਾਨੂੰ ਆਮ ਇਨਸਾਨਾਂ ਵਾਲੀਆਂ ਆਮ ਦੀਨੀ ਦੁਨਿਆਵੀ ਸ਼ਹੀਦਾਂ ਵਾਲੀਆਂ ਸ਼ਹੀਦੀਆਂ ਬਹੁਤ ਹੀ ਨੀਵੀਆਂ ਪ੍ਰਤੀਤ ਹੁੰਦੀਆਂ ਹਨ। ਅਸੀਂ ਅਲਪੱਗ ਸੰਸਾਰੀ ਜੀਵ ਆਪਣੇ ਹੀ ਵਹਿਣਾਂ ਵਿਚ ਰੁੜ ਕੇ ਇਸ ਸ਼ਹੀਦੀ ਖਿਆਲ ਉਪਰ ਭਾਂਤ ਭਾਂਤੀ ਮਨ ਖਿਆਲੇ ਹਾਸ਼ੀਏ ਚਾੜਦੇ ਹਾਂ।

ਵਾਸਤਵ ਵਿਚ ਦੁਨਿਆਂ ਦੂਜਿਆਂ ਦੇ ਮਰਸੀਏ ਪੜ੍ਹ ਪੜ੍ਹ ਆਪੋ ਆਪਣੇ ਦੁਖ ਰੋਂਦੀ ਹੈ ਅਤੇ ਕੀਰਨੇ ਪਾ ਪਾ ਕੇ ਦਸੱਦੀ ਹੈ ਕਿ ਅਸੀਂ ਹੀ ਮਰਜੀਵਿਆਂ ਦੇ ਪੂਰੇ ਰਾਜ਼ ਸ਼ਨਾਸ ਹਾਂ। ਦੁੱਖ ਸੁੱਖ ਰਹਿਤ ਬ੍ਰਹਮ ਗਿਆਨੀ ਸਤਿਗੁਰੂ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਸਹਿਮਨਾਕ ਸਾਕਾ ਦ੍ਰਿਸ਼ਟਾਉਣ ਨੂੰ ਆਮ ਲੇਖਕ ਬੜੇ ਬੜੇ ਦਰਦਨਾਕ ਲੇਖ ਲਿਖਦੇ ਹਨ ਅਤੇ ਪੰਚ ਭੂਤਕ ਦੇਹੀ ਦੇ ਦਾਰਨ ਦੁਖਾਂ ਦਾ ਨਕਸ਼ਾ ਬੰਨ੍ਹ ਬੰਨ੍ਹ ਹੀ ਲੇਖ ਪੜ੍ਹਾਕੂਆਂ ਦੇ ਦਿਲਾਂ ਨੂੰ ਦ੍ਰਵੀ ਭੂਤ ਕਰਾਉਂਦੇ ਹਨ ਪਰ ਉਥੇ ਦੁਖ ਕਲੇਸ਼ਾਂ ਦੀ ਤੱਤੀ ਵਾਉ ਨਹੀਂ ਲਗ ਸਕਦੀ, ਜਿਥੇ ਪੂਰਨ ਬ੍ਰਹਮ, ਪਾਰ ਬ੍ਰਹਮ, ਅਕਾਲ ਮੂਰਤੀ ਨਿਰੰਕਾਰੀ ਅਕਾਰ ਹੋਵੇ। ਸਤਿਗੁਰ ਦੇ ਸ਼ਰੀਰ ਉੱਤੇ ਛਾਲੇ ਕੀ ਪੈਣੇ ਸੀ, ਇਹ ਅਸਾਡੇ ਹੀ ਦਿਲ ਦੇ ਫਫੋਲੇ ਅਸਾਡੇ ਦਿਲ ਦੀ ਅੱਗ ਨਾਲ ਜਲ ਉਠਦੇ ਹਨ। ਸਾਨੂੰ ਤਾਂ ਗੁਰਬਾਣੀ ਇਹ ਦ੍ਰਿੜਾਉਂਦੀ ਹੈ ਕਿ ਜਿਨ੍ਹਾਂ ਦੇ ਜੀਅੜੇ ਹੀਅੜੇ ਅੰਦਰ ਗੁਰੂ ਕਾ ਗਾਰੜ ਮੰਤ੍ਰ ਸ਼ਬਦ ਬਚਨ ਵਸਿਆ ਹੈ, ਓਹ ਜਨ ਨਾ ਹੀ ਜਲ ਵਿੱਚ ਡੁੱਬ ਸਕਦੇ ਹਨ ਅਤੇ ਨਾ ਹੀ ਅੱਗ ਵਿੱਚ ਸੜ ਸਕਦੇ ਹਨ ਅਤੇ ਓਹਨਾਂ ਦੇ ਸਰੀਰਾਂ ਨੂੰ ਤੱਤੇ ਤਵਿਆਂ ਦਾ ਤਾਉ ਅਤੇ ਉਬਲਦੀਆਂ ਦੇਗਾਂ ਦਾ ਪੋਹ ਹੀ ਨਹੀਂ ਸਕਦਾ। ਤੇਲ ਦੇ ਤੱਤੇ ਕੜਾਹੇ ਵਿਚ ਤਲੀਂਦੇ ਮਰਦਾਨੇ ਨੂੰ ਕਿਸ ਚੀਜ਼ ਨੇ ਉਭਾਰਿਆ ? ਗੁਰੂ ਕੇ ਸ਼ਬਦ ਨੇ ਇੱਕ ਛਾਲਾ ਭੀ ਨਹੀਂ ਪੈਣ ਦਿੱਤਾ, ਸਗੋਂ ਤੱਤਾ ਕੜਾਹਾ ਹੀ ਠੰਡਾ ਪੈ ਗਿਆ। ਗੁਰੂ ਨਾਨਕ ਸਾਹਿਬ ਨਿਰੰਕਾਰੀ ਨੇ ਇਹ ਚਲਤ ਰਚਾ ਕੇ ਸਗੋਂ ਕੌਡੇ ਰਾਕਸ਼ ਨੂੰ ਪ੍ਰਾਸਚਿਤ ਅਗਨੀ ਵਿੱਚ ਤਲਿਆ ਅਤੇ ਫੇਰ ਤਾਉ ਤੇ ਤਾਉ ਦੇ ਕੇ ਉਸ ਦੇ ਕੋਟਿ ਕੋਟੰਤਰੀ ਪਾਪਾਂ ਅਘਾਂ ਨੂੰ ਪ੍ਰਚੰਡ ਕ੍ਰਿਸ਼ਮਾਇਣੀ ਰਸਾਇਣ ਦੁਆਰਾ ਦਗਧ ਕੀਤਾ। ਗੁਰੂ ਸਾਹਿਬ ਗੁਰੂ ਅਰਜਨ ਦੇਵ ਮਹਾਰਾਜ ਨੇ ਇਹ ਚਲਤ ਆਪਣੇ ਸ਼ਰੀਰ ਉਪਰ ਹੀ ਆਪ ਵਰਤਾਏ। ਉਨ੍ਹਾਂ ਦੀ ਉਸ਼ਨ ਸੀਤ ਰਹਿਤ ਦੇਹੀ ਨੂੰ ਦੁਸ਼ਟ ਪਾਪੀਆਂ ਦੇ ਦਿਤੇ ਅਗਨ ਦਾਹ ਤਸੀਹਿਆਂ ਦਾ ਦਾਗ ਵੀ ਨਹੀਂ ਲਗਿਆ ਸਗੋਂ ਦੁਸ਼ਟ ਰਾਜ ਦੀ ਜੜ੍ਹ ਮੇਖ ਦਾਗੀ ਦਾਹੀ ਗਈ। ਇੱਕੋ ਜੋਤਿ ਜੁਗਤਿ ਦੇ ਮਾਲਿਕ ਤੇਜ ਪੁੰਜ ਗੁਰੂ ਕੀ ਆਪਣੇ ਸਰੀਰ ਉਪਰੋਂ ਇਹ ਸਾਕਾ ਨਹੀਂ ਟਾਲ ਸਕਦੇ ਸਨ, ਜਿਨ੍ਹਾਂ ਨੇ ਮਰਦਾਨੇ ਦੇ ਸਰੀਰ ਨੂੰ ਦਾਹ ਸਾਕੇ ਦੇ ਸੇਕ ਤੋਂ ਬਚਾਇਆ ? ਪਰ ਇਸ ਅਦੁੱਤੀ ਅਹੂਤੀ ਦਿੱਤੇ ਬਾਝੋਂ ਦੁਖਤ ਪਰਜਾ ਦੇ ਦਾਹ ਨਹੀਂ ਮਿਟ ਸਕਦੇ ਸਨ, ਅਤੇ ਦੁਸ਼ਟ ਰਾਜ ਦੇ ਬਿਨਾਸ਼ ਕਾਲ ਦਾ ਬਾਨ੍ਹਣੂੰ ਨਹੀਂ ਬੱਝ ਸਕਦਾ ਸੀ ਅਤੇ ਏਸ ਇਲਾਹੀ ਰਮਜ਼ ਨੂੰ ਆਮ ਇਨਸਾਨੀ ਅਕਲ ਅਤੇ ਦਿਮਾਗੀ ਫ਼ਿਲਾਸਫ਼ੀ ਕੀ ਸਮਝ ਸਕਦੀ ਹੈ ਕਿ ਮਹਾਂ ਪੁਰਸ਼ਾਂ ਦੀ ਕੁਰਬਾਨੀ ਦੁਆਰਾ ਜ਼ੁਲਮ ਅਤੇ ਜ਼ਾਲਮਾਂ ਦਾ ਕਿਵੇਂ ਕਾਫ਼ੀਆ ਤੰਗ ਹੁੰਦਾ ਹੈ ਅਤੇ ਜ਼ੁਲਮੀ ਰਾਜ ਦਾ ਕਿਵੇਂ ਬਿਨਾਸ਼ ਹੋ ਜਾਂਦਾ ਹੈ ਅਤੇ ਕਿਵੇਂ ਮਜ਼ਲੂਮਾਂ ਦੀ ਜ਼ੁਲਮ ਤੋਂ ਨਜਾਤ ਤੇ ਖੰਦ ਖਲਾਸ ਹੁੰਦੀ ਹੈ। ਇਹੋ ਤਾਂ ਰਮਜ਼ ਹੈ ਜਿਸ ਨੂੰ ਸੰਸਾਰੀ ਸਿਆਣੇ ਨਹੀਂ ਸਮਝ ਸਕਦੇ।

ਅਤੇ ਇਸ ਤੋਂ ਵਧ ਕੇ ਹੋਰ ਖਬਰੇ ਕਿਤਨੇ ਕੁ ਰਾਜ਼ ਨਿਆਜ਼ੀ ਗੁਪਤ ਭੇਦ ਮਹਾਂ ਪੁਰਸ਼ਾਂ ਦੀਆਂ ਸ਼ਹਾਦਤਾਂ ਦੇ ਹੋਣਗੇ, ਜਿਨਾਂ ਨੂੰ ਅਸੀਂ ਅਨੁਮਾਨ ਅੰਦਰ ਭੀ ਨਹੀਂ ਲਿਆ ਸਕਦੇ, ਤਾਂ ਤੇ ਮਸ਼ਟ ਮਗਨ ਰਹਿਣਾ ਹੀ ਉਚਿਤ ਹੈ। ਇਥੇ ਡੀਂਗ ਮਾਰਨ ਦੀ ਨਹੀਂ ਜਾਇ ਵੇ ਅੜਿਆ।



www.AKJ.Org

ਭਾਈ ਮਾਲਿਕ ਸਿੰਘ ਜੀ
B Sc (ਕਾਨਪੁਰ)

# 'ਮੌਤ ਅਤੇ ਸ਼ਹੀਦੀ'

ਮੌਤ ਦਾ ਨਾਂ ਸੁਣ ਕੇ ਕੇਹੜਾ ਸੰਸਾਰਿਕ ਪ੍ਰਾਣੀ ਹੈ ਜੋ ਚਉਂਕ ਨਹੀਂ ਉਠਦਾ। ਅੱਸੀ ਸਾਲ ਦੇ ਬੁਢੇ ਤੋਂ ਵੀ ਪੁਛਨ ਤੇ ਇਹ ਹੀ ਜਵਾਬ ਮਿਲੇਗਾ ਕਿ ਮੇਰਾ ਤਾਂ ਹੁਣ ਪਰਵਾਰ-ਰੂਪੀ ਬਗੀਚਾ ਖਿਲਿਆ ਹੈ, ਹੁਣ ਹੀ ਤਾਂ ਧੀ ਪੁਤ੍ਰ ਪੋਤ੍ਰੇ ਆਦਿ ਦੀਆਂ ਖੁਸ਼ੀਆਂ ਵੇਖਣਾ ਨਸੀਬ ਹੋਇਆ ਹੈ। ਕਈ ਤਾਂ ਗੁਸੇ ਵਿਚ ਕਹਿ ਉਠਦੇ ਹਨ ਜੇ ਤੈਨੂੰ ਮੌਤ ਚੰਗੀ ਲਗਦੀ ਹੈ, ਜੇ ਤੈਨੂੰ, ਮਰਣ ਦੀ ਕਾਹਲੀ ਹੈ ਤਾਂ ਮਰ ਕੇ ਦੇਖ ਲੈ ਮੈਂ ਤਾਂ ਅਜੇ ਥੋੜਾ ਹੋਰ ਜੀਵਣ ਦਾ ਅਨੰਦ ਮਾਣਨਾ ਹੈ। ਇਸ ਦਾ ਭਾਵ ਇਹ ਹੋਇਆ ਕਿ ਮੌਤ ਨੂੰ ਪਰਵਾਣ ਕਰਨ ਨੂੰ ਕੋਈ ਤਿਆਰ ਨਹੀਂ। ਇਸੇ ਲਈ ਹੀ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਕਿਹਾ ਹੈ 'ਰਜ ਨਾ ਕੋਈ ਜੀਵਿਆ ਕੂੜੇ ਭਰਵਾਸੇ'। ਗੁਰੂ ਸਾਹਿਬਾਂ ਨੇ ਵੀ ਇਹ ਹੀ ਕਿਹਾ ਹੈ ਕਿ 'ਮਰਣੈ ਤੇ ਜਗਤ ਡਰੈ, ਜੀਵਿਆ ਲੋੜੈ ਸਭ ਕੋਇ'

ਮੌਤ ਦਾ ਡਰ ਕਿਉਂ ਹੈ। ਮੌਤ ਦੇ ਪਿਛੋਂ ਨਰਕਾਂ ਦੇ ਭਿਆਨਕ ਦੁਖਾਂ, ਦੋਜ਼ਕ ਦੀ ਅਗਨੀ, ਜਮਦੂਤਾਂ ਦੀ ਸਖਤ ਸਜ਼ਾ, ਚਿਤ੍ਰਗੁਪਤ ਦੇ ਭਿਆਨਕ ਨਕਸ਼ੇ, ਅਤੇ ਹੋਰ ਅਨੇਕਾਂ ਭਿਆਨਕ ਦੁਖਾਂ ਦੀ ਡਰਾਉਨੀ ਹਾਲਤ ਸਾਡੇ ਸਾਹਮਣੇ ਰਖੀ ਗਈ ਹੈ ਸ਼ੈਦ ਇਹ ਹੀ ਇਕ ਕਾਰਨ ਹੈ ਕਿ ਮੌਤ ਦਾ ਨਾਂ ਸੁਣ ਕੇ ਕੰਬਣੀ ਛਿੜ ਪੈਂਦੀ ਹੈ। ਆਉ ਮੌਤ ਦੀ ਅਸਲੀਅਤ ਨੂੰ ਜ਼ਰਾ ਵਿਚਾਰਨ ਦਾ ਯਤਨ ਕਰੀਏ।

## ਮੌਤ ਕੀ ਹੈ ?

ਮੌਤ ਕੀ ਹੈ। ਇਸ ਬਾਰੇ ਅਸੀਂ ਗੁਰਮਤਿ ਸਿਧਾਂਤ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਦੀ ਪੰਕਤੀ ਦੇ ਆਸ਼ੇ ਅਨੁਸਾਰ ਗੁਰਬਾਣੀ ਦੁਆਰਾ ਮੌਤ ਦੀ ਅਸਲੀਅਤ ਨੂੰ ਸਮਝਣਾ ਹੈ। ਮੌਤ ਬਾਰੇ ਗੁਰੂ ਸਾਹਿਬਾਂ ਦਾ ਕੀ ਵਿਚਾਰ ਹੈ ਕੁਝ ਗੁਰਬਾਣੀ ਪ੍ਰਮਾਣ ਥਲੇ ਦਿਤੇ ਜਾਂਦੇ ਹਨ :-

੧ ਪਵਨੈ ਮਹਿ ਪਵਨੁ ਸਮਾਇਆ, ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ, ਰੋਵਨ ਹਾਰੇ ਕੀ ਕਵਨ ਟੇਕ। ਰਾਮਕਲੀ ਮ: ੫ (੮੮੫)
ਪਉਣੈ ਪਾਣੀ ਅਗਨੀ ਕਾ ਮੇਲੁ, ਚੰਚਲ ਚਪਲ ਬੁਧਿ ਕਾ ਖੇਲੁ।



www.AKJ.Org

ਨਉਦਰਵਾਜੇ ਦਸਵਾ ਦੁਆਰੁ। ਬੁਝੁ ਰੇ ਗਿਆਨੀ। ਏਹੁ ਬੀਚਾਰੁ ॥ ੧ ॥
ਕਥਤਾ ਬਕਤਾ ਸੁਨਤਾ ਸੋਈ॥ ਆਪੁ ਬੀਚਾਰੇ ਸੋ ਗਿਆਨੀ ਹੋਈ ॥ ੧ ॥ ਰਹਿਉ ॥
ਦੇਹੀ ਮਾਟੀ ਬੋਲੈ ਪਉਣ। ਬੁਝੁ ਰੇ ਗਿਆਨੀ ਮੂਆ ਹੈ ਕਉਣ ॥ ੧ ॥

ਤਾਂ ਤੇ ਉਪ੍ਰੋਕਤ ਪ੍ਰਮਾਣਾਂ ਤੇ ਮੌਤ ਦੀ ਅਸਲੀਅਤ ਭਲੀ ਭਾਂਤੀ ਸਪਸ਼ਟ ਹੋ ਜਾਂਦੀ ਹੈ ਕਿ ਆਤਮਾਂ ਦਾ ਇਸ ਸ਼ਰੀਰ ਚੋਂ ਅਲਗ ਹੋਣਾ ਮੌਤ ਹੈ। ਪੰਜਾਂ ਤੱਤਾਂ ਦੇ ਅਪਨੇ ਅਪਨੇ ਅਸਲੇ ਵਿਚ ਮਿਲ ਜਾਣਾ ਮੌਤ ਹੈ ਅਥਵਾ ਪੰਜਾਂ ਤੱਤਾਂ ਦਾ ਆਤਮਾਂ ਨਾਲ ਮਿਲ ਕੇ ਰਹਿਣਾ ਜ਼ਿੰਦਗੀ ਹੈ ਤੇ ਵਿਛੋੜਾ ਮੌਤ ਹੈ। ਯਾ ਇੰਝ ਕਹਿ ਲਵੋ ਕਿ ਸਥੂਲ ਤੇ ਸੂਖਸ਼ਮ ਸਰੀਰਾਂ ਦਾ ਆਪਸੀ ਵਿਛੋੜਾ ਮੌਤ ਹੈ।

## ਗੁਰਮਤਿ ਅਨੁਸਾਰ ਮੌਤ ਦੀ ਅਸਲੀਅਤ

ਗੁਰਮਤਿ ਅਨੁੁਸਾਰ ਆਤਮਾਂ ਅਮਰ ਹੈ, ਜਨਮ ਮਰਣ ਤੋਂ ਰਹਿਤ ਹੈ। ਦੁਖ ਸੁਖ ਤੋਂ ਰਹਿਤ ਹੈ। ਆਤਮਾ ਵਾਹਿਗੁਰੂ ਦੀ ਅੰਸ ਹੈ। 'ਕਹੁ ਕਬੀਰ ਇਹੁ ਰਾਮ ਕੀ ਅੰਸ' ਅਤੇ ਹੋਰ ਅਨੇਕਾਂ ਪ੍ਰਮਾਣ ਗੁਰਬਾਣੀ ਵਿਖੇ ਅੰਕਿਤ ਹਨ। ਗੁਰਮਤਿ ਅਨੁੁਸਾਰ ਮੌਤ ਇਕ ਸਰੀਰਕ ਤਬਦੀਲੀ ਹੈ ਤੇ ਇਸ ਤੋਂ ਬਾਦ ਦੋ ਹੀ ਨਤੀਜੇ ਨਿਕਲਦੇ ਹਨ।

## ਆਤਮਾ ਦਾ ਪਰਮ ਆਤਮ ਵਿਚ ਲੀਨ ਹੋ ਜਾਣਾ।

ਜਿਨ੍ਹਾਂ ਜੀਵਾਂ ਨੇ ਆਪਣੇ ਨਿਜ ਆਤਮੇ ਦੀ ਲਖਤਾ ਕਰ ਲਈ, ਆਪਣੇ ਸਰੂਪ ਨੂੰ ਸਮਝ ਲਿਆ, ਮਨ ਤੂੰ ਜੋਤਿ ਸਰੂਪ ਹੈਂ। ਦੇ ਮਹਾਨ ਵਾਕ ਅਨੁਸਾਰ ਆਪਣੇ ਮੂਲ ਨੂੰ ਪਛਾਣ ਲਿਆ ਉਹਨਾਂ ਲਈ ਮੌਤ ਦੀਵਾਲੀ ਦੀ ਰਾਤ ਵਾਂਗੂੰ ਖੁਸ਼ੀਆਂ ਭਰਿਆ ਅਵਸਰ ਬਣ ਗਿਆ, ਆਤਮਾ ਦਾ ਪਰਮ-ਆਤਾਮਾ ਵਿਚ ਲੀਨ ਹੋਣ ਦਾ ਸ਼ੁਭ ਅਵਸਰ ਬਣ ਗਿਆ, ਆਪਣੇ ਇਸਤਰੀ ਰੂਪ ਆਤਮਾ ਦਾ ਪਤਿ ਰੂਪ ਵਾਹਿਗੁਰੂ ਨਾਲ ਗਲਵਕੜੀ ਪਾ ਕੇ ਮਿਲਨ ਦੀ ਸੁਹਾਗ ਰਾਤ ਦੀ ਤਰ੍ਹਾਂ ਸੁਭਾਗ ਮੌਕਾ ਨਸੀਬ ਹੋ ਗਿਆ, ਚਉਰਾਸੀ ਦੇ ਆਵਾ ਗਉਣ ਤੋਂ ਸਦਾ ਲਈ ਮੁਕਤ ਹੋਣ ਦੀ ਸੁਲਖਣੀ ਘੜੀ ਬਣ ਗਈ, ਨਦੀ ਦਾ ਆਪਣੇ ਸ਼ਹੁ ਸਮੁੰਦਰ ਵਿਚ ਲੀਨ ਹੋਣ ਦਾ ਸੁੰਦਰ ਸਮਯ ਬਨ ਗਿਆ ਇਸ ਸਿਧਾਂਤ ਦੀ ਪੁਸ਼ਟੀ ਕਰਨ ਲਈ ਕਬੀਰ ਸਾਹਿਬ ਜੀ ਦਾ ਥਲੇ ਲਿਖਿਆ ਸ਼ਬਦ ਕਾਫੀ ਹੋਇਗਾ ਜਿਸ ਵਿਚ ਕਬੀਰ ਸਾਹਿਬ ਜੀ ਨੇ ਆਪਣੇ ਆਤਮਾ ਸਮਯ ਦਾ ਨਕਸ਼ਾ ਖਿਚ ਕੇ ਰਖ ਛੋੜਿਆ ਹੈ। ਕਬੀਰ ਸਾਹਿਬ ਜੀ ਨੇ ਆਪਣੀ ਇਸ ਮੌਤ ਨੂੰ ਇਕ ਇਸਤਰੀ ਦੀ ਸ਼ਾਦੀ ਵਾਂਗੂੰ ਖੁਸ਼ੀਆਂ ਭਰਿਆ ਸਮਯ ਲਿਖਿਆ ਹੈ, ਜੀਵ ਰੂਪ ਇਸਤਰੀ ਦਾ ਪਤਿ ਰੂਪ ਵਾਹਿਗੁਰੂ ਨਾਲ ਵਿਉਹਣਾ ਲਿਖਿਆ ਹੈ।

ਤਨੁ ਰੈਨੀ ਮਨੁ ਪੁਨਰਪਿ ਕਰਿਹਉ, ਪਾਚਉ ਤਤ ਬਰਾਤੀ।
ਰਾਮ ਰਾਇ ਸਿਉ ਭਾਵਰਿ ਲੈਹਉ, ਆਤਮ ਤਿਹ ਰੰਗ ਰਾਤੀ ॥੧॥
ਗਾਉ ਗਾਉ ਰੀ ਦੁਲਹਨੀ ਮੰਗਲ ਚਾਰਾ ॥
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥ ।੧। ਰਹਾਉ। ਨਾਭਿ ਕਮਲ ਮਹਿ ਬੇਦੀ ਰਚਿ ਲੇ, ਬ੍ਰਹਮ ਗਿਆਨ ਉਚਾਰਾ ॥
ਰਾਮ ਰਾਇ ਸੋ ਦੁਲਹੁ ਪਾਇਓ ਅਸ ਬਡ ਭਾਗ ਹਮਾਰਾ ॥੨॥



www.AKJ.Org

ਸੁਰਿਨਰ ਮੁਨਿ ਜਨ ਕਉਤਰ ਆਏ,
ਕੋਟਿ ਤੇਤੀਸ ਉਜਾਨਾ ॥
ਕਹਿ ਕਬੀਰ ਮੋਹਿ ਬਿਆਹਿ ਚਲੈ ਹੈ,
ਪੁਰਖ ਏਕ ਭਗਵਾਨਾ ॥੩॥

ਐਸੇ ਅਨੇਕਾਂ ਭਗਤਾਂ ਨੇ ਮੌਤ ਦੀ ਅਸਲੀਅਤ ਨੂੰ ਸਾਡੇ ਸਾਹਮਣੇ ਰਖਿਆ ਹੈ। ਭਗਤਾਂ ਨੇ ਸੰਸਾਰੀਆਂ ਨੂੰ ਮਰਣ ਦੀ ਜਾਚ ਦਸੀ। ਸੰਸਾਰੀ ਹੀ ਮੌਤ ਤੋਂ ਡਰਦੇ ਹਨ ਭਗਤ ਨਹੀਂ ਡਰਦੇ। ਭਗਤਾਂ ਦੇ ਸ਼ਰੋਮਣੀ ਭਗਤ ਕਬੀਰ ਸਾਹਿਬ ਜੀਦੇ ਕੁਝ ਸਲੋਕ ਥਲੇ ਦਿਤੇ ਜਾਂਦੇ ਹਨ ਜਿਹਨਾਂ ਤੋਂ ਮੌਤ ਦੀ ਅਸਲੀਅਤ ਸਪਸ਼ਟ ਹੋ ਜਾਂਦੀ ਹੈ।

੧. ਕਬੀਰ ਜਿਸ ਮਰਨੇ ਤੇ ਜਗੁ ਡਰੈ,
ਮੇਰੇ ਮਨਿ ਆਨੰਦੁ।
ਮਰਨੇ ਹੀ ਤੇ ਪਾਈਐ, ਪੂਰਨ ਪਰਮਾਨੰਦੁ ॥੨੨॥

੨. ਕਬੀਰ ਮਰਤਾ ਮਰਤਾ ਜਗ ਮੂਆ
ਮਰਿ ਭੀ ਨ ਜਾਨਿਆ ਕੋਇ ॥
ਐਸੇ ਮਰਨੇ ਜੋ ਮਰੈ, ਬਹੁਰਿ ਨ ਮਰਨਾ ਹੋਇ ॥੨੯॥

੩. ਕਬੀਰ ਮੁਹਿ ਮਰਨੇ ਦਾ ਚਾਉ ਹੈ, ਮਰਉ
ਤ ਹਰਿ ਕੇ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ, ਪਤਾ ਹਮਾਰੈ ਬਾਰ॥

## ਪੁਨਰਪ ਜਨਮ

ਜਿਨਾਂ ਜੀਵਾਂ ਨੇ ਅਪਣੇ ਆਪ ਨੂੰ ਪਛਾਣਿਆ ਲੋਕ ਲਜਾ, ਕੁਲ ਲਜਾ ਆਦੀ ਦੀਆਂ ਜ਼ੰਜੀਰਾਂ ਨਾਲ ਹੀ ਜਕੜੇ ਰਹੇ, ਨਾਮ ਜਪਨ ਦਾ ਵਕਤ ਹੀ ਨਹੀਂ ਮਿਲਿਆ, ਉਹਨਾਂ ਜੀਵਾਂ ਨੂੰ ਇਸ ਮੌਜੂਦਾ ਪੰਜ ਭੌਤਕ ਸ਼ਰੀਰ ਦੇ ਤਿਆਗਨ ਤੋਂ ਬਾਦ ਉਹਨਾਂ ਦੇ ਕਰਮਾਂ ਅਨੁਸਾਰ ਮੌਤਦੇ ਪਿ..ੱ ਦੂਜੀ ਜੂਨ (ਦੂਜਾ ਸੀਰਰ) ਮਿਲ ਜਾਂਦਾ ਹੈ। ਐਸੇ ਲੋਕਾਂ ਨੂੰ ਹੀ ਮੌਤ ਦਾ ਡਰ ਹੋਂਦਾ ਹੈ ਤੇ ਅੰਤਮ ਸਮਜ ਕਈ ਪ੍ਰਕਾਰ ਦੇ ਦੁਖ ਤਸੀਏ ਸਹਾਰਦੇ ਸਹਾਰਦੇ ਮਰਦੇ ਹਨ। ਇਸ ਲਈ ਐਸੇ ਇਨਸਾਨ ਹੀ ਮਰਨ ਦਾ ਨਾਮ ਲਿਆਂ ਚਉਂਕ ਉਠਦੇ ਹਨ। ਐਸੇ ਹੀ ਮਨਮੁਖਾਂ ਨੂੰ ਨਰਕਾਂ ਦੇ ਦੁਖ, ਜਮਦੂਤਾਂ ਦੀ ਮਾਰ ਆਦਿ ਦਾ ਡਰ ਲਗਦਾ ਹੈ।

ਪ੍ਰਮਾਣ :–

ਜਿਤਨੇ ਨਰਕ ਸੇ ਮਨਮੁਖਿ ਭੋਗੈ,
ਗੁਰਮੁਖਿ ਲੇਪੁ ਨ ਮਾਸਾ ਹੇ।

## ਗੁਰਮੁਖ ਇਸ ਤਬਦੀਲੀ ਨੂੰ ਕੈਸਾ ਸਮਝਦਾ ਹੈ।

ਗੁਰਮਤਿ ਦਾ ਤਕਾਜ਼ਾ ਹੈ ਕਿ ਮਨੁਖਾ ਜਨਮ ਵਾਹਿਗੁਰੂ ਦੀ ਅਪਾਰ ਬਖਸ਼ਸ਼, ਕ੍ਰਿਪਾ ਦ੍ਰਿਸ਼ਟੀ, ਰਹਿਮਤ ਦਾ ਸਦਕਾ ਹੈ ਅਥਵਾ ਮਨੁਖ ਜਨਮ ਉਸ ਪਰਿਪੂਰਨ ਪ੍ਰਮਾਤਮਾ ਦੀ ਪ੍ਰਸਨਤਾ ਦੀ ਨਿਸ਼ਾਨੀ ਹੈ।

ਪ੍ਰਮਾਣ :–

੧. ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ ॥
ਕਵਨ ਮੂਲ ਤੇ ਮਾਨੁਖੁ ਕਰਿਆ,
ਇਹੁ ਪਰਤਾਪੁ ਤੁਹਾਰਾ ॥ਸਾਰਗ ਮ: ੫ ॥

੨. ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ।
ਦੇਹੁ ਦਰਸ ਹਰਿ ਰਾਇਆ

ਮੌਤ ਸਰੀਰਕ ਤਬਦੀਲੀ ਹੈ ਉਸ ਦਾ ਭਾਣਾ ਹੈ ਤੇ ਇਸ ਭਾਣੇ ਨੂੰ ਸਤਿਸਤਿ ਕਰਕੇ ਮਨਣਾ ਗੁਰੂ ਕੀ ਆਗਿਆ ਦਾ ਮਨ ਬਚ ਕਰਮ ਕਰ ਕੇ ਪਾਲਨ ਕਰਨਾ ਹੈ।

ਪ੍ਰਮਾਣ :--

ਜਮਣ ਮਰਣਾ ਹੁਕਮ ਹੈ ਭਾਣੈ ਆਵੈ ਜਾਇ
(ਵਾਰ ਆਸਾ)



www.AKJ.Org

ਉਧਾਰਨ ਦੇ ਤੌਰ ਤੇ ਜਿਸ ਤਰਾਂ ਗੰਦੇ ਬਚੇ ਨੂੰ ਮਾਤਾ ਨਵਾ ਧਵਾ ਕੇ ਨਵੇਂ ਕਪੜੇ, ਨਵਾਂ ਚੋਲਾ ਪਾ ਕੇ ਸੁੰਦਰ ਬਣਾਂਦੀ ਹੈ ਪਰ ਬਚਾ ਰੋਂਦਾਂ ਹੈ। ਮਾਤਾ ਉਸ ਬਚੇ ਦੇ ਰੋਣ ਦੀ ਪਰਵਾਹ ਨਹੀਂ ਕਰਦੀ ਕਿਉਂਕਿ ਉਹ ਜਾਣਦੀ ਹੈ ਕਿ ਬਚਾ ਸਾਫ ਸੁਥਰਾ ਰਹਿਣ ਨਾਲ ਇਕ ਤਾਂ ਚੰਗਾ ਲਗਦਾ ਹੈ ਦੂਜਾ ਅਰੋਗ ਰਹਿੰਦਾ ਹੈ। ਬਿਲਕੁਲ ਇਸ ਤਰੀਕੇ ਨਾਲ ਗੁਰ ਸਿਖਵੀ ਆਪਣੇ ਆਪ ਨੂੰ ਅਕਾਲ ਪੁਰਖ ਦਾ ਅੰਜਾਨ ਬਚਾ ਸਮਝਦਾ ਹੈ। ਅਕਾਲ ਪੁਰਖ ਮਾਤਾ ਦੀ ਨਿਆਂਈ ਇਸ ਸਰੀਰ ਰੂਪੀ ਕਪੜੇ ਨੂੰ ਬਦਲ ਦੇ ਨਵਾਂ ਕਪੜਾ ਦੂਜੀ ਜੂਨ ਦੇ ਦੇਂਦਾ ਹੈ। ਇਸ ਸਰੀਰਕ ਕਪੜੇ ਨੂੰ ਗੰਦਾ ਇਨਸਾਨ, ਅਪਨੇ ਕੁਕਰਮਾਂ ਦੁਆਰਾ ਕਰ ਲੈਂਦਾ ਹੈ ਪਰ ਬਚੇ ਦੀ ਤਰ੍ਹਾਂ ਅਸੀਂ ਨਹੀਂ ਸਮਝਦੇ ਕਿ ਸਾਡਾ ਚੋਲਾ ਗੰਦਾ ਹੋ ਗਿਆ ਹੈ। ਅਥਵਾ ਪੂਰਬਲੇ ਕਰਮਾਂ ਅਨੁਸਾਰ ਸਾਡੀ ਸੰਸਾਰ ਦੀ ਯਾਤਰਾ ਪੂਰੀ ਹੋ ਗਈ ਹੈ।

ਗੁਰਮੁਖ ਇਸ ਭੇਦ ਨੂੰ ਸਮਝਦਾ ਹੈ ਕਿ ਆਤਮਾ ਨੇ ਇਹਨਾਂ ਪੰਜਾਂ ਤਤਾਂ ਨੂੰ ਥੋੜੇ ਸਮਯ ਲਈ ਮੰਗ ਕੇ ਲਿਆ ਹੋਇਆ ਹੈ ਤੇ ਮੰਗ ਕੇ ਲਈ ਚੀਜ਼ ਦੇਣੀ ਹੀ ਪੈਂਦੀ ਹੈ। ਗੁਰਬਾਣੀ ਪ੍ਰਮਾਣ :--

ਅਗਨਤ ਸਾਹੁ ਅਪਨੀ ਦੇ ਰਾਸਿ॥
ਖਾਤ ਪੀਤ ਬਰਤੈ ਅਨੰਦ ਉਲਾਸਿ॥
ਅਪਨੀ ਅਮਾਨ ਕਛੁ ਬਹੁਰ ਸਾਹੁ ਲੇਇ॥
ਅਗਿਆਨੀ ਮਨਿ ਰੋਸੁ ਕਰੇਇ॥
ਅਪਨੀ ਪ੍ਰਤੀਤਿ ਆਪ ਹੀ ਖੋਵੈ॥
ਬਹੁਰ ਉਸ ਦਾ ਬਿਸਾਸ ਨ ਹੋਵੈ॥
ਜਿਸਕੀ ਬਸਤ ਤਿਸ ਆਗੈ ਰਾਖੈ॥
ਪ੍ਰਭਿ ਕੀ ਆਗਿਆ ਮਾਨੈ ਮਾਥੈ॥
॥ ਸੁਖਮਨੀ ਸਾਹਿਬ॥

ਇਸ ਲਈ ਗੁਰਮੁਖ ਨਾਮ ਜਪ ਕੇ ਇਸ ਪੰਜ ਭੌਤਕ ਚੋਲੇ ਨੂੰ ਸਫਲਾ ਬਣਾ ਦੇਂਦਾ ਹੈ। ਅੰਤਮ ਸਮਯ ਇਸ ਮੰਗੀ ਹੋਈ ਉਧਾਰ ਲਈ ਵਸਤੂ ਨੂੰ ਵਾਪਸ ਦੇਕੇ ਖੁਸ਼ ਹੁੰਦਾ ਹੈ ਪਰ ਮਨਮੁਖ ਇਸ ਰਾਜ਼ ਨੂੰ ਨ ਜਾਨ ਕਰਕੇ ਇਸ ਦੇਹੀ ਨੂੰ ਤਿਆਗਨ ਸਮਯ ਜ਼ਿਦ ਕਰਦਾ ਹੈ ਇਸ ਲਈ ਉਹ ਚਿਲਾਉਂਦਾ ਕੁਰਲਾਉਂਦਾ ਹੈ ਪਰ ਵਸ ਕੁਛ ਨ ਹੋਣ ਦੇ ਕਾਰਨ ਦੁਖੀ ਹੋਂਦਾ ਹੈ। ਗੁਰਮੁਖ ਮੌਤ ਦਾ ਸਵਾਗਤ ਖਿੜੇ ਮਥੇ ਕਰਦਾ ਹੈ ਪਰ ਮਨਮੁਖ ਮੌਤ ਦਾ ਤਿਰਸਕਾਰ ਕਰਨਾ ਚਹੁੰਦਾ ਹੈ। ਗੁਰਮੁਖ ਇਸ ਮੌਤ ਨੂੰ ਮੌਤ ਨਹੀਂ ਕਹਿੰਦਾ ਸਗੋਂ ਕਹਿੰਦਾ ਹੈ ਕਿ ਸਿਖ ਚੜਾਈ ਕਰ ਗਿਆ ਹੈ, ਅਕਾਲ ਚਲਾਨਾ ਕਰ ਗਿਆ ਹੈ; ਗੁਰਪੁਰੀ ਸਿਧਾਰ ਗਿਆ ਹੈ। ਕਿਤਨਾ ਉਚਾ ਹੈ ਸਿਖੀ ਦਾ ਆਦਰਸ਼। ਇਹ ਹੈ ਮੌਤ ਦੀ ਅਸਲੀਅਤ ਨੂੰ ਜਾਨਣ ਦਾ ਢੰਗ।

## ਮੌਤ ਦੇ ਸ੍ਰੇਸ਼ਟ ਦੋ ਰੂਪ

ਗੁਰੂ ਸਾਹਿਬਾਂ ਨੇ ਅੰਮ੍ਰਿਤ ਛਕਾ ਕੇ ਮੌਤ ਦਾ ਡਰ ਦੂਰ ਕਰ ਦਿਤਾ। ਮੌਤ ਤੇ ਜਿਤ ਪਰਾਪਤ ਕਰਨਾ ਦਸਿਆ। ਵੈਸੇ ਤਾਂ ਮੌਤ ਦੇ ਕਈ ਰੂਪ ਹਨ ਕਿਸੇ ਸਰੀਰਕ ਰੋਗ ਤੋਂ ਪੀੜਿਤ ਹੋ ਕੇ ਮਰਨਾ, ਦੁਖਾਂ ਕਲੇਸ਼ਾਂ ਮੁਸੀਬਤਾਂ ਤੋਂ ਤੰਗ ਆ ਕੇ ਆਤਮ ਹਤਿਆ ਕਰਕੇ ਮਰਨਾ, ਅਚਾਨਕ ਦਿਲ ਦੀ ਧੜਕਨ ਬੰਦ (HEART ATTACK) ਹੋਣ ਕਰ ਕੇ ਮਰਨਾ ਕਿਸੇ ਬਾਹਰਲੀ ਦੁਰਘਟਨਾ ਵਾਪਰਨ ਤੇ (ACCIDENTAL DEATH) ਮੌਤ ਹੋ ਜਾਣੀ ਆਦਿ! ਇਹ ਠੀਕ ਹੈ, ਕਿ ਮੌਤ ਉਸ ਦੇ ਭਾਣੇ



www.AKJ.Org

ਅਨੁਸਾਰ ਅਥਵਾ ਪੂਰਬਲੇ ਕਰਮਾਂ ਅਨੁਸਾਰ ਹੋਣੀ ਹੀ ਹੈ ਪਰ ਗੁਰੂ ਸ਼ਾਹਿਬਾਂ ਨੇ ਦੋ ਤਰੀਕੇ ਦੀ ਮੌਤ ਨੂੰ ਯੂਲ਼ਫ ਮਨਿਆ।

## ਸੰਤ ਮੌਤ

ਜਿਨਾਂ ਨੇ ਅਪਣੇ ਨਿਜ ਆਤਮੇ ਦੀ ਪਹਿਚਾਨ ਕਰ ਲਈ ਸਾਸਗ੍ਰਾਸ ਨਾਮ ਜਾਪਿਆ ਹੋਰ ਪ੍ਰਾਣੀਆਂ ਨੂੰ ਨਾਮ ਜਪਾਇਆ, ਅਠੋ ਪਹਿਰ ਨਾਮ ਦਾ ਖੰਡਾ ਖੜਕਾਇਆ ਉਹਨਾਂ ਗੁਰਮੁਖ ਜਨਾਂ ਦਾ ਹੀ ਜਗ ਤੇ ਆਇਆ ਸਫਲ ਹੋਇਆ ਐਸੀਆਂ ਵਯਕਤੀਆਂ ਸਰੀਰ ਦੇ ਤਿਆਗਨ ਤੋਂ ਬਾਦ ਵੀ ਸਦਾ ਲਈ ਅਮਰ ਹੋ ਗਈਆਂ। ਐਸੇ ਮਹਾਨ ਪੁਰਸ਼ਾਂ ਪ੍ਰਤਿ ਮਹਾਨਵਾਕ ਘਟਦੇ ਹਨ :--

੧. ਗੁਰਮੁਖਿ ਜਨਮੁ ਸਵਾਰਿ ਦਰਗਾਹ ਚਲਿਆ ॥
ਸਚੀ ਦਰਗਹ ਜਾਇ ਸਚਾ ਪਿੜ ਮਲਿਆ ॥
(ਵਾਰ ੧੯-੧੪)

੨. ਧੰਨੁ ਧੰਨੁ ਧੰਨੁ ਜਨੁ ਆਇਆ।
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ।
ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰ ਸੰਸਾਰੁ।
ਨਾਨਕ ਤਿਨੁ ਜਨ ਕਉ ਸਦਾ ਨਮਸਕਾਰ ॥

੩. ਆਇਆ ਸਫਲੁ ਤਾਹੂ ਕੋ ਗਨੀਐ।
ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥

## ਸ਼ਹੀਦ ਹੋਣਾ

ਅਧਰਸ਼ ਦਾ ਨਾਮ ਕਰਨ ਖਾਤਰ, ਜ਼ੁਲਮ ਦਾ ਖਾਤਮਾ ਕਰਨ ਖਾਤਰ, ਦੁਸ਼ਟਾਂ ਦੀ ਜੜ ਪੁਟਨ ਖਾਤਰ, ਆਦਿ ਤੋਂ ਆਪਾ ਕੁਰਬਾਣ ਕਰ ਦੇਣਾ, ਥਾਂ ਮੈਦਾਨੇ ਜੰਗ ਅੰਦਰ ਲੜ ਕੇ ਵੀਰ ਗਤੀ ਨੂੰ ਪਰਾਪਤ ਹਣਾ ਸ਼ਹੀਦੀ ਕਹਿਲਾਦਾਂ ਹੈ। ਸ਼ਹੀਦ ਮੌਤ ਤੋਂ ਨਹੀਂ ਡਰਦਾ। ਮੌਤ ਨੂੰ ਵੰਗਾਂਰਦਾ ਹੈ, ਮੌਤ ਨੂੰ ਜਫੀ ਪਾਂਉਂਦਾ ਹੈ, ਮੌਤ ਨਾਲ ਮਜ਼ਾਕ ਕਰਦਾ ਹੈ।

ਗੁਰੂ ਸਾਹਿਬਾਂ ਨੇ ਭਗਤੀ ਦੇ ਨਾਲ ਨਾਲ ਸ਼ਕਤੀ ਦਾ ਸ਼ਬਦ ਸਿਖਾਇਆ। ਸ਼ਕਤੀ ਤੋਂ ਬਿਨਾਂ ਭਗਤ ਅਧੂਰੀ ਹੈ ਤੇ ਭਗਤੀ ਦੇ ਬਿਨਾਂ ਮਨੁਖਾ ਜਨਮ ਦਾ ਮਕਸਦ ਹਲ ਨਹੀਂ ਹੋਂਦਾ। ਹਕੀਕਤ ਤਾਂ ਹੈ ਵੀ ਹੈ ਅਤੇ ਸ਼ਕਤੀ ਦਾ ਸਹੀ ਸਹੀ ਇਸਤੇਮਾਲ ਭਗਤੀ ਤੋਂ ਬਿਨਾਂ ਹੋ ਹੀ ਨਹੀਂ ਸਕਦਾ। ਇਸ ਲਈ ਗੁਰੁ ਸਾਹਿਬਾਂ ਨੇ ਭਗਤੀ ਔਰ ਸ਼ਕਤੀ ਨੂੰ ਇਕਠਾ ਰਖਿਆ। ਇਸ ਦਾ ਇਤਿਹਾਸ ਗਵਾਹ ਹੈ।

## ਦੋ ਪ੍ਰਕਾਰ ਦੀ ਸ਼ਹੀਦੀ

## ਸ਼ਾਂਤੀ ਦੀ ਸ਼ਹੀਦੀ

ਜ਼ੁਲਮ ਨੂੰ ਮਿਟਾਨ ਖਾਤਰ ਸਿਖੀ ਅਣਖ ਨੂੰ ਕਾਇਮ ਰਖਣ, ਖਾਤਰ, ਸਚ ਨੂੰ ਪ੍ਰਚਾਰ ਨ ਕਰਨ ਖਾਤਰ, ਆਪਾ ਆਪ ਜ਼ਾਲਮ ਅਗੇ ਭੇਟਾ ਕਰ ਦੇਣਾ, ਜ਼ਾਲਮ ਅਗੇ ਭੇਟਾ ਕਰ ਦੇਣਾ, ਜ਼ਾਲਮ ਦੁਆਰਾ ਹਰ ਪ੍ਰਕਾਰ ਦੇ ਤਸੀਏ ਸਹਾਰਦੇ ਹੋਏ ਸ਼ਹੀਦ ਹੋ ਜਾਂਦਾ, ਜੀਉਂਦੇ ਜੀਅ ਜ਼ਾਲਮ ਦੇ ਹਥ ਆ ਜਾਣਾ, ਹੋਰ ਕੋਈ ਚਾਰਾ ਪੇਸ਼ ਨ ਆਨ ਤੇ ਸਿਖੀ ਸਿਦਕ ਕੇਸਾਂ ਸਵਾਸ਼ਾਂ ਸੰਗ ਨਿਭਉਣ ਖਾਤਰ ਪਤਿ ਵਰਤਾ ਧਰਮ ਦੀ ਰਖਿਆ ਖਾਤਰ ਸ਼ਹੀਦ ਹੋ ਜਾਣਾ ਸ਼ਾਤੀ ਦੀ ਸ਼ਹੀਦੀ ਹੈ। ਉਧਾਰਨ ਦੇ ਤੌਰ ਤੇ

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸ਼ਾਂਤੀ ਦੀ ਸ਼ਹੀਦੀ ਹੈ



www.AKJ.Org

## ਸ਼ਾਂਤੀ ਦੀ ਸ਼ਹੀਦੀ ਦੀ ਨੀਂਹ

## ਸ਼ਾਂਤੀ ਦੇ ਪੁੰਜ, ਸ਼ਹੀਦਾਂ ਦੇ ਸਿਰ-ਤਾਜ ਗੁਰਬਾਣੀ ਸੰਗ੍ਰਹਿ ਕਰਤਾ ਪੰਚਮ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਰਖੀ। ਸੜਦੀ ਬਲਦੀ ਜੇਠਹਾੜ ਦੀ ਗਰਮੀ ਰੇਤ ਦੇ ਕੜਛੇ ਸੀਸ ਤੇ ਪਵ ਕੇ ਉਬਲਦੇ ਪਾਣੀ ਵਿਚ ਸਮਾਧਿ ਲਗਾ ਕੇ, ਪਰ ਫੇਰ ਵੀ ਨਾਮ ਖੁਮਾਰੀ ਵਿਚ ਮਸਤ ਰਹਿੰਦੇ ਹੋਇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਹੀਦ ਹੋਣ ਦੀ ਜਾਚ ਦਸੀ।

ਇਸ ਸ਼ਾਂਤੀ ਦੀ ਸ਼ਹੀਦੀ ਦੀ ਜੜ ਪਕੀ ਕਰਨ ਖਾਤਰ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਚਾਂਦਨੀ ਚੌਕ ਵਿਖੇ ਸ਼ਹੀਦੀ ਦਿਤੀ। ਛੋਟੇ ਦੋ ਸਾਹਿਬ ਜ਼ਾਦਿਆਂ ਦਾ ਜ਼ਿੰਦਾ ਸਰਹੰਦ ਦੀ ਦਿਵਾਰ ਵਿਚ ਚਿਨਿਆਂ ਜਾਣਾ, ਸ੍ਰੀ ਮਨੀ ਸਿੰਘ ਜੀ ਦਾ ਬੰਦ ਬੰਦ ਕਟਿਆ ਜਾਣਾ, ਭਾਈ ਦਇਆਲਾ ਜੀ ਦਾ ਦੇਗ ਵਿਚ ਉਬਾਲੇ ਖਾ ਕੇ ਸ਼ਹੀਦ ਹੋਣਾ, ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਜਾਣੀ ਭਾਈ ਮਤੀ ਦਾਸ ਜੀ ਦਾ ਆਰੇ ਨਾਲ ਦੋਫਾੜ ਕੀਤਾ ਜਾਣਾ, ਸ਼ਾਂਤੀ ਦੀ ਸ਼ਹੀਦੀ ਦੇ ਪ੍ਰਮਾਣ ਹਨ।

## ਮੈਦਾਨੇ ਜੰਗ ਦੀ ਸ਼ਹੀਦੀ

ਜਦ ਸ਼ਾਂਤੀ ਦੀ ਸ਼ਹੀਦੀ ਸ਼ਿਖਰ ਤੇ ਪਹੁੰਚਕੇ ਅਪਣੇ ਦਾਇਰੇ ਨੂੰ ਟਪ ਗਈ ਤਾਂ ਦੁਸ਼ਟ ਦਮਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਤੋਂ ਸਿੰਘ ਬਨਾ ਕੇ, ਅੰਮ੍ਰਿਤਪਾਨ ਕਰਵਾ ਕੇ ਸਿਖ ਨੂੰ ਸੰਤ ਸਿਪਾਹੀ ਬਨਾ ਦਿਤਾ। ਬੀਰ ਰਸ, ਸੂਰਬੀਰਤਾ ਭਰ ਦਿਤੀ। ਬਹਾਦਰੀ ਵੀਐਸੀ ਭਰੀ ਕਿ ਗਿਦੜ ਦਿਲਾਂ ਨੂੰ ਸ਼ੇਰ ਬਣਾ ਦਿਤਾ। ਚਿੜੀਆਂ ਵਰਗਿਆਂ ਨੂੰ ਬਾਜਾਂ ਨਾਲ ਲੜਨਾ ਸਿਖਾ ਦਿਤਾ, ਇਕ ਇਕ ਸਿੰਘ ਨੂੰ ਸਵਾ ਸਵਾ ਲਖ ਵੈਰੀਆਂ ਨਾਲ ਲੜਨ ਦਾ ਹੌਂਸਲਾ ਭਰ ਦਿਤਾ। ਸ਼ਕਤੀ ਦਾ ਇਸਤੇਮਾਲ ਕਰਨਾ ਸਿਖਾਇਆ। ਗੁਰੂ ਸਾਹਿਬਾਂ ਨੇ ਖੁਦ ਜੰਗ ਕੀਤੇ, ਸਿਖਾਂ ਨੂੰ ਜੰਗ ਕਰਨਾ ਸਿਖਾਇਆ ਵਡੇ ਦੋ ਸਾਹਿਬ ਜ਼ਾਦਿਆਂ ਦਾ ਚਮਕੌਰ ਰਣ ਖੇਤ੍ਰ ਵਿਖੇ ਸ਼ਹੀਦ ਹੋਣਾ, ਚਾਲੀ ਮੁਕਤਿਆਂ ਦੀ ਸ਼ਹੀਦੀ, ਤੇ ਹੋਰ ਅਨੇਕਾਂ ਪ੍ਰਮਾਣ ਹਨ ਇਸ ਮੈਦਾਨੇ ਜੰਗ ਦੀ ਸ਼ਹੀਦੀ ਦੇ। ਥਲੇ ਇਕ ਗੁਰਬਾਣੀ ਪ੍ਰਮਾਨ ਇਸ ਸ਼ਹੀਦੀ ਦੀ ਮਹਾਨਤਾ ਦੀ ਪ੍ਰੋੜਤਾ ਲਈ ਦਿਤਾ ਜਾਂਦਾ ਹੈ ਜੋ ਇਸ ਸ਼ਹੀਦੀ ਦੀ ਪ੍ਰੇਰਨਾ ਕਰਦਾ ਹੈ :-

ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ<br>
ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ ॥<br>
ਸੂਰਾ ਸੋ ਪਹਿਚਾਨੀਐ, ਜੋ ਲਰੈ ਦੀਨ ਕੇ ਹੇਤ ॥<br>
ਪੁਰਜਾਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤ ।੧੦੫।

(ਸਲੋਕ ਕਬੀਰ)

## ਗੁਰੂ ਗੋਬਿੰਦ ਸਿੰਘ ਜੀ ਦੀ ਅਕਾਲਪੁਰਖ ਤੋਂ ਮੰਗ।

ਅਕਾਲਪੁਰਖ ਅਗੇ ਹਰ ਕੋਈ ਅਰਦਾਸ, ਜੋਦੜੀ ਕਰਦਾ ਹੈ। ਕੋਈ ਧੰਨ ਮੰਗ ਰਿਹਾ ਹੈ ਕੋਈ ਪੁਤ੍ਰ



www.AKJ.Org

ਧੀਆਂ ਆਦਿ ਦੀ ਮੰਗ ਕਰ ਰਿਹਾ ਹੈ ਪਰ ਆਉ ਜ਼ਰਾ ਦੇਖੋ ਇਕ ਮੰਗ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਅਕਾਲ ਪੁਰਖ ਤੋਂ ਮੰਗੀ ਹੈ। ਗੁਰੂ ਗੋਬਿੰਦ ਸਿੰਘ ਜੀ ਵਰ ਮੰਗ ਰਹੇਹਨ ਅਕਾਲ ਪੁਰਖ ਤੋਂ ਕਿ ਹੇਅਕਾਲ ਪੁਰਖ ਅਗਰ ਤੂੰ ਮੇਰੇ ਤੇ ਬਹੁਤ ਪ੍ਰਸੰਨ ਹੋਇਆ ਹੈਂ ਤੂੰ ਤੁਠਾ ਹੈਂ, ਤਾਂ ਮੈਨੂੰ ਇਹ ਬਰਦਾਨ ਦੇ ਕਿ ਮੈ ਮੈਦਾਨੇ ਜੰਗ ਵਿਚ ਲੜਾਂ, ਵੈਰੀਆਂ, ਦੁਸ਼ਟਾਂ ਅਪਰਾਧੀਆਂ ਦਾ ਖਾਤਮਾਂ ਕਰਾਂ, ਧਰਮ ਦਾ ਪ੍ਰਚਾਰ ਕਰਾਂ, ਸ਼ੇਰਾਂ ਵਾਂਗੂ ਰਣ ਵਿਚ ਜੁਝ ਲੜਾਂ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲਪੁਰਖ ਦੇ ਚਰਨਾਂ ਵਿਚ ਅਪਣੀ ਇਸ ਮੰਗ ਨੂੰ ਇਸ ਤਰਾਂ ਕਲਮ ਬੰਦ ਕੀਤਾ ਹੈ :–

ਹੇ ਰਵਿ, ਹੇ ਸਸਿ, ਹੇ ਕਰਣਾ ਨਿਧ, ਮੇਰੀ ਅਬੈ ਬਿਨਤੀ ਸੁਨ ਲੀਜੈ, ਔਰ ਨਾ ਮਾਂਗਤ ਹਉ ਤੁਮ ਤੇ ਕਛੂ, ਚਾਹਤ ਹੌਂ ਚਿਤ ਮੋਂ ਸੋਈ ਕੀਜੈ। ਸ਼ਸਤ੍ਰਨ ਸੋਂ ਅਤਿ ਹੀ ਰਣ ਭੀਤਰ, ਜੂਝ ਮਰੋਂ ਤਉ ਸਾਚ ਪਤੀਜੈ।
ਸੰਤ ਸਹਾਇ ਸਦਾ ਜਗ ਮਾਹਿ, 'ਕ੍ਰਿਪਾ ਕਰ ਸਯਾਮ ਇਹੈ ਬਰ ਦੀਜੈ।
(ਸਵੈਯਾ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਪਣੀ ਇਸ ਮੰਗ ਨੂੰ ਇਕ ਸ਼ਬਦ ਰਾਹੀਂ ਹੀ ਨਹੀਂ ਸਗੋਂ ਕੋਈ ਤਰੀਕਿਆਂ ਨਾਲ ਵਰਨਣ ਕੀਤਾ ਹੈ ਇਕ ਜਗਾਂਹ ਤਾਂ ਸਾਹਿਬਾਂ ਨੇ ਇਸ ਵਰ ਨੂੰ ਅਪਣੇ ਛਤ੍ਰੀਪਨੇ ਨੂੰ ਜਿਤਲਾ ਕੇ ਅਕਾਲਪੁਰਖ ਅਗੇ ਜੋਦੜੀ ਕੀਤੀ ਹੈ ਕਿ ਹੇ ਅਕਾਲ ਪੁਰਖ ਮੈਂ ਛਤ੍ਰੀ ਦਾ ਪੁਤਰ ਹਾਂ ਮੈਨੂੰ ਤਾਂ ਤਪਸਿਆ ਕਰਨ ਦੀ ਜਾਚ ਵੀ ਨਹੀਂ। ਇਸ ਲਈ ਮੈਥੋਂ ਭਗਤੀ ਤਾਂ ਹੋਣੀ ਹੀ ਕੀ ਹੈ। ਹਾਂ ਮੈਂ ਇਕ ਜੋਦੜੀ ਇਹ ਹੀ ਕਰਦਾ ਹਾਂ ਕਿ ਹੇ ਅਕਾਲ ਪੁਰਖ ਅਗਰ ਤੂੰ ਕੋਈ ਵਰ ਦੇਣਾ ਚਾਹੁੰਦਾ ਹੈਂ ਤਾਂ ਇਹੀ ਦੇਹਿ ਕਿ ਮੈ ਅਪਣੇ ਛਤ੍ਰੀਪਨੇ ਨੂੰ ਕਾਇਮ ਰਖ ਸਕਾਂ। ਇਸ ਦੀ ਪ੍ਰੋੜਤਾ ਲਈ ਦੋ ਸ਼ਬਦ ਥਲੇ ਦਿਤੇ ਜਾਂਦੇ ਹਨ।

੧. ਛਤ੍ਰੀ ਕੋ ਪੂਤ ਹੈ, ਬਾਮਨ ਕੋ ਨਹਿ,
ਕੈ ਤਪੁ ਆਵਤ ਹੋ ਜੁ ਕਰੋ॥
ਅਰੁ ਅਉਰ ਜਜਾਂਹ ਜਿਤੋ ਗ੍ਰਿਹਿ ਕੋ,
ਤੋਹਿ ਤਿਆਗ ਕਹਾ ਚਿਤਤਾ ਮੈ ਧਰੋ।
ਅਬ ਰੀਝ ਕੈ ਦੁਹੁ ਵਹੈ ਹਮ ਕਉ,
ਜੋਊ ਹਉ ਬਿਨਤੀ ਕਰ ਜੋਰ ਕਰੋ॥
ਜਬ ਆਵ ਕੀ ਅਉਧ ਨਿਧਾਨ ਬਨੈ,
ਅਤਿ ਹੀ ਰਣ ਮੈ ਤਬ ਜੂਝ ਮਰੋ॥
(ਸਵੇਯੇ ਤ੍ਰਿਪਨਾਵਤਾਰ)

(੨) ਦੇਹ ਸ਼ਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬੰਹੂ ਨ ਟਰੋ॥
ਨ ਡਰੋ ਅਰਿਸੋ ਜਬ ਜਾਇ ਲਰੋ,
ਨਿਸਚੈ ਕਰ ਅਪਨੀ ਜੀਤ ਕਰੋ॥
ਅਰੁ ਸਿਖ ਹੌ ਅਪਨੇ ਹੀ ਮਨ ਕੌ,
ਇਹ ਲਾਲਚ ਹੈ ਗੁਣ ਤਉ ਉਚਰੋ॥
ਜਬ ਆਵ ਕੀ ਅਉਧ ਨਿਦਾਨ ਬਨੈ,
ਅਤਿ ਹੀ ਰਨ ਮੈ ਤਬ ਜੂਝ ਮਰੋ॥
(ਚੰਡੀ ਚਰਿਤ੍ਰ)

ਇਹ ਹੈ ਕਲਗੀਧਰ ਦਸ਼ਮੇਸ਼ ਪਿਤਾ ਜੀ ਦੀ ਅਕਾਲ ਪੁਰਖ ਪਾਸੋ ਸਚੀ ਮੰਗ। (ਕੈ ਤਪੁ ਆਵਤ ਹੋ ਜੁ ਕਰੋ ਦਾ ਭਾਵ ਇਹ ਨਹੀਂ ਕਿ ਗੁਰੂ ਸਾਹਿਬਾਂ ਨੂੰ ਤਪਸਿਆ, ਭਗਤੀ ਕਰਨੀ ਨਹੀਂ ਆਉਂਦੀ। ਗੁਰੂ ਸਾਹਿਬਾਂ ਤੋਂ ਵਡਾ ਤਪਸਵੀ ਤਾਂ ਕੋਈ ਹੋਇਆ ਹੀ ਨਹੀਂ ਜਿਨਾਂ ਨੇ ਕਈ ਜੁਗ ਹੇਮਕੁੰਟ ਤੇ ਤਪਸਿਆ


www.AKJ.Org

ਕੀਤੀ। ਅਗਨੀ ਵਿਚ ਜੂਝੇ, ਆਰਿਆਂ ਨਾਲ ਸੀਸ ਚਿਰਵਾਇਆ, ਦੇਗ ਵਿਚ ਉਬਾਲੇ ਗਏ.......ਸ਼ਹੀਦ ਹੋ ਗਏ ਤਿਨ੍ਹਾਂ ਦੀ ਕਮਾਈ ਦਾ ਸਦਕਾ, ਤਿਨ੍ਹਾਂ ਦੇ ਚਰਨਾ ਕਮਲਾਂ ਦਾ ਧਿਆਨ ਧਰ ਬੋਲੋ ਜੀ ਵਾਹਿਗੁਰੂ ਇਸੇ ਤਰੀਕੇ ਨਾਲ ਸ਼ਹੀਦ ਬੀਬੀਆਂ, ਬਚੇ ਬਚੀਆਂ ਦੀ ਸ਼ਹੀਦੀ ਦੀ ਅਰਦਾਸ ਵੀ ਕੀਤੀ ਜਾਂਦੀ ਹੈ। ਇਹ ਹੈ ਸਿਖ ਦੀ ਸਚੀ ਸ਼ਰਧਾਂਜਲੀ ਜੋ ਨਿਤਾ ਪ੍ਰਤਿ ਦੋਨੋ ਵਕਤ ਸਿਖ ਆਪਨੇ ਸੂਰਬੀਰ ਸ਼ਹੀਦਾਂ ਨੂੰ ਅਰਪਣ ਕਰਦਾ ਹੈ। ਐਸਾ ਕਰਨ ਨਾਲ ਇਕ ਤਾਂ ਸੂਰਬੀਰਾਂ ਨੂੰ ਸ਼ਰਧਾਂਜਲੀ ਅਰਪਣ ਹੋ ਜਾਂਦੀ ਹੈ ਉਹਨਾਂ ਦਾ ਧੰਨਵਾਦ ਕੀਤਾ ਜਾਂਦਾ ਹੈ ਦੂਸਰੇ ਅਰਦਾਸ ਕਰਨ ਸੁਨਣ ਵਾਲੇ ਦੇ ਅੰਦਰ ਸ਼ਹੀਦੀ ਦੀ ਉਚਤਾ ਦਾ ਅਸਰ ਹੋ ਜਾਂਦਾ ਹੈ ਅਤੇ ਸ਼ਹੀਦ ਹੋਣ ਦੀ ਸਪਿਰਟ ਪੈਦਾ ਹੋ ਜਾਂਦੀ ਹੈ। ਇਹ ਹੀ ਕਾਰਨ ਹੈ ਕਿ ਸਿਖ ਬਚਪਨ ਤੋ ਹੀ ਸ਼ਹੀਦ ਹੋਣ ਦੀ ਜਾਚ ਸਿਖ ਜਾਂਦਾ ਹੈ ਤੇ ਮੌਕਾ ਆਣ ਤੇ ਸਭ ਤੋਂ ਅਗੇ ਛਾਤੀ ਤਾਣ ਕੇ ਮੈਦਾਨੇ ਜੰਗ ਵਿਚ ਡਟ ਜਾਂਦਾ ਹੈ।

ਇਹ ਹਨ ਦਾਸ ਦੇ ਤੁਛ ਮਾਤਰ ਵਿਚਾਰ ਮੌਤ ਅਤੇ ਸ਼ਹੀਦੀ ਬਾਰੇ ਜਿਨਾਂ ਨੂੰ ਗੁਰਬਾਣੀ ਦੇ ਅਧਾਰ ਤੇ ਲਿਖਣ ਦਾ ਜਤਨ ਕੀਤਾ ਹੈ।

## ਅਖੰਡ ਕੀਰਤਨ ਸਮਾਗਮ

ਅਖੰਡ ਕੀਰਤਨੀ ਜਥਿਆਂ ਵਲੋਂ ਸ਼ਿਮਲਾ ਵਿਖੇ ਅਖੰਡ ਕੀਰਤਨ ਸਮਾਗਮ ਹੋ ਰਿਹਾ ਹੈ ਸਰਬਤ ਸੰਗਤਾਂ ਹੇਠ ਦਿਤੇ ਪਰੋਗਰਾਮ ਅਨੁਸਾਰ ਦਰਸ਼ਨ ਬਖਸ਼ਨ ਦੀ ਖੇਚਲਾ ਕਰਨ।

### ਪਰੋਗਰਾਮ

੧੫–੬–੬੭ ਵੀਰਵਾਰ ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ, ਕੋਠੀ ਖਾਲਸਾ ਨਿਵਾਸ ਰਾਮ ਬਾਜ਼ਾਰ ਸ਼ਿਮਲਾ

੧੫–੬–੬੭ ਸ਼ਾਮ ਕੀਰਤਨ ਗੁਰਦੁਵਾਰਾ ਸ੍ਰੀ ਗੁਰੂ ਸਿੰਘ ਸਭਾ ਕਾਟ ਰੋਡ ਸ਼ਿਮਲਾ

੧੬–੬–੬੭ ਸ਼ੁਕਰਵਾਰ ਕੀਰਤਨ ਆਸਾ ਦੀ ਵਾਰ ਦੁਪੈਹਰ ਤਕ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਕਾਟ ਰੋਡ

੧੬–੬–੬੭ ਸ਼ਾਮ ਕੀਰਤਨ ਗੁਰਦਵਾਰਾ ਸਾਹਿਬ ਸੰਜੋਲ਼ੀ

੧੭–੬–੬੭ ਅੰਮ੍ਰਿਤ ਵੇਲੇ ਸਮਾਪਤੀ ਅਖੰਡ ਪਾਠ ਉਪਰੰਤ ਕੀਰਤਨ ਆਸਾ ਦੀ ਵਾਰ ਚਲ ਸੋ ਚਲ

੧੭–੬–੬੭ ਸ਼ਾਮ **ਕੀਰਤਨ ਰੈਣ ਸਬਾਈ** ਗੁਰਦਵਾਰਾ ਸਾਹਿਬ ਸਿੰਘ ਸਭਾ ਕਾਟ ਰੋਡ ਸ਼ਿਮਲਾ।

ਪੁਛ ਗਿਛ ਲਈ
ਭਾ: ਇੰਦਰ ਸਿੰਘ
ਖਾਲਸਾ ਬੂਟ ਹਾਊਸ
੧੮੧ ਗੰਜ ਬਾਜ਼ਾਰ ਸ਼ਿਮਲਾ

ਦਾਸਰੇ
ਸੰਗਤ ਸ਼ਿਮਲਾ



www.AKJ.Org

ਭਾਈ ਮਨਮੋਹਨ ਸਿੰਘ ਜੀ
M. Sc. (ਜੈ ਪੁਰ)

# ਸੋ ਡਰੈ ਜਿਨ ਪਾਪ ਕਮੱਤੇ ਰਾਮ

ਪੰਚਮ ਪਾਤਸ਼ਾਹ ਜੀ ਦੀ ਮਹਾਨ ਸ਼ਹੀਦੀ ਗੁਰ ਸਿਖੀ ਮੰਡਲ ਦਾ ਇਕ ਅਤਿ ਹੀ ਅਹਿਮ ਮੀਲ ਪਥਰ ਹੈ। ਉਦੋਂ ਤਾਂਈਂ ਡਿਗੀ ਹੋਈ ਨਿਤਾਣੀ ਮਨੁਖਤਾ ਵਿਚ ਨਾਮ-ਬਾਣੀ ਤੇ ਸਤਿ ਸੰਗਤ ਦੀ ਸ਼ਕਤੀ ਨਾਲ ਜੀਵਨ-ਸਾਹਸ ਭਰਿਆ ਜਾ ਰਿਹਾ ਸੀ। ਖਾਲਸਾ ਜੀਵਨ ਦਾ ਤੱਤ ਜੋ ਨਾਨਕ ਨਿਰੰਕਾਰੀ ਜੀ ਦੇ ਪਰਕਾਸ਼ ਤੋਂ ਪਹਿਲੇ ਲਗਭਗ ਅਲੋਪ ਹੋ ਚੁਕਾ ਸੀ, ਉਹ ਮੁੜ ਸੁਰਜੀਤ ਕੀਤਾ ਜਾ ਰਿਹਾ ਸੀ।

ਪਹਿਲੇ ਜਾਮੇ ਵਿਚ "ਅਨਤ ਕਲਾ" ਸੰਪੂਰਨ ਗੁਰੂ ਨਾਨਕ ਸਾਹਿਬ ਨੇ ਜੀਵਨ ਦੇ ਹਰ ਪਖ ਦੇ ਅਸਲੇ ਨੂੰ-ਭਾਵ ਤੱਤ ਗੁਰ ਸਿਖੀ ਨੂੰ ਸੰਕੇਤਕ ਰੂਪ ਵਿਚ ਪ੍ਰਗਟ ਕੀਤਾ। ਪੂਰਨ ਮਨੁਖਤਾ ਦਾ ਢਾਂਚਾ ਖੜਾ ਕੀਤਾ ਜਿਸ ਤੋਂ ਸੂਝਵਾਨ ਮਨੁਖ ਅਗੋਂ ਆਉਣ ਵਾਲੇ ਸਮੇਂ ਵਿਚ ਤਿਆਰ ਹੋਣ ਵਾਲੀ ਆਦਰਸ਼ਕ ਕੌਮ ਦਾ ਅਨੁਮਾਨ ਲਾ ਸਕਦੇ ਸਨ। ਸਭ ਤੋਂ ਪਹਿਲੋ ਉਹਨਾਂ "ਸਤਿਨਾਮ ਦਾ ਚਕਰ ਚਲਾਯਾ।" "ਹਿਵ ਸੀਤਲ ਸਬਦ" ਨਾਲ ਸੜ ਰਹੀ ਸ੍ਰਿਸ਼ਟੀ ਲਈ ਠੰਢਕ ਦਾ ਸੋਮਾ ਪ੍ਰਗਟਾਇਆ। ਨਾਮ–ਬਾਣੀ ਨਾਲ ਮਨੋ ਬਿਰਤੀਆਂ ਜੋੜੀਆਂ ਆਮ ਮਨੁਖਾਂ ਨੂੰ 'ਸੰਤ' ਬਣਾਇਆ। ਪਰ ਨਿਰਾ ਪਹਾੜੀ ਗੁਫਾਂਵਾਂ ਵਿਚ ਬੈਠ ਕੇ ਸਮਾਧੀਆਂ ਲਾਉਣ ਵਾਲਾ ਸੰਤ ਨਹੀਂ, ਬਲਕਿ ਗ੍ਰਹਿਸਤ ਉਦਾਸੀ, ਰਾਜ ਜੋਗੀ ਸੰਤ। ਕਿਰਤ ਕਰਕੇ ਉਦਰ ਪੂਰਨਾ ਕਰਨ ਵਾਲੀ ਸਪਿਰਟ ਭਰੀ ਫਿਰ ਵੰਡ ਕੇ ਛਕਣਾ ਤੇ ਸਦਾ ਸਦਾ ਨਾਮ ਜਪਣਾ, ਇਹਨਾਂ ਮੁਢਲੇ ਅਸੂਲਾਂ ਤੇ ਮਨੁਖ ਨੂੰ ਸੰਤ ਤੇ ਜੋਗੀ ਬਨਾਉਣ ਦਾ ਉਦੇਸ਼ ਪੇਸ਼ ਕੀਤਾ।

ਗੁਰਸਿਖ ਜੋਗੀ ਜਾਗਦੇ,
ਮਾਇਆ ਅੰਦਰ ਕਰਨ ਉਦਾਸੀ॥

(ਭਾ: ਗੁਰਦਾਸ ਜੀ)

ਘਰ ਵਿਚ ਰਹਿਕੇ, ਪ੍ਰਵਾਰ ਦੀ, ਆਪਣੀ ਤੇ ਆਪਣੇ ਆਲੇ ਦੁਆਲੇ ਦੀ ਜ਼ਿਮੇਦਾਰੀ ਨੂੰ ਨਿਭਾਹੁੰਦਾ ਹੋਇਆ ਗੁਰਸਿਖ ਜੋਗੀ ਗੁਰੂ ਨਾਨਕ ਨੇ ਪੈਦਾ ਕੀਤਾ। ਜੋ ਉਪਰੋਂ ਮਾਇਆ ਵਿਚ ਪ੍ਰਵਿਰਤ ਹੁੰਦਾ ਹੋਇਆ ਭੀ ਮਾਇਆ ਤੋਂ ਨਿਰਲੇਪ ਸੀ। ਜਿਸ ਦਾ ਦੁਨੀਆਵੀ ਧੰਧਿਆਂ ਵਿਚ ਇਕ ਸਾਧਨ ਸੀ ਜਿਸ ਨਾਲ ਉਹ ਇਹਨਾਂ ਸਾਰੀਆਂ ਜ਼ਿਮੇਦਾਰੀਆਂ ਨੂੰ ਨਿਬਾਹ ਸਕੇ। ਪਰ ਮੰਜਲ ਹੋਰ ਸੀ।



www.AKJ.Org

ਮੁਖ ਮੰਤਵ ਜੀਵਨ ਦਾ, ਇਸ ਤੋਂ ਬਹੁਤ ਉਚੇਰਾ ਸੀ। ਉਹ ਦੁਨੀਆਂ ਵਿਚ ਰਹਿੰਦਾ ਹੋਇਆ ਵੀ ਦੁਨੀਆ ਦਾਰ ਨਹੀਂ ਸੀ। ਉਹ ਮਾਇਆ ਲਈ ਧੰਦੇ ਕਰਦਾ ਹੋਇਆ ਭੀ ਮਾਇਆ ਧਾਰੀ ਨਹੀਂ ਸੀ। ਗ੍ਰਹਸਥੀ ਹੁੰਦਾ ਹੋਇਆ ਭੀ ਮਨੋ ਜੋਗੀ ਤੇ ਸਨਿਆਸੀ ਬਿਰਤੀ ਦਾ ਮਾਲਕਸੀ। ਕਿਉਂਕਿ ਉਸ ਦੀ ਟੇਕ ਇਕ ਅਕਾਲ ਪੁਰਖ ਸੀ ਤੇ ਉਸ ਦਾ ਆਦਰਸ਼ ਸੀ, ਅਕਾਲ ਪੁਰਖ ਨਾਲ ਇਕਸਾਰਤਾ ਪੈਦਾ ਕਰਨੀ। ਉਸ ਦੀਆਂ ਨਜ਼ਰਾਂ ਵਿਚ ਅਕਾਲ ਪੁਰਖ ਦੀ ਸ਼ਕਤੀ ਤੋਂ ਬਿਨਾਂ ਹੋਰ ਸ਼ਕਤੀਆਂ ਕੂੜਾਵੀਆਂ ਸਨ। ਹੈਣ ਤਾਂ ਉਹ ਸ਼ਕਤੀਆਂ ਪਹਿਲੋਂ ਵੀ ਕੂੜੀਆਂ। ਪਰ ਉਨ੍ਹਾਂ ਨੇ ਮਨੁਖੀ ਮਨ ਨੂੰ ਜੋ ਧੋਖਾ ਦਿਤਾ ਹੋਇਆ ਸੀ ਉਹ ਦੂਰ ਹੋ ਗਿਆ। ਸਚ ਦੀ ਟੇਕ ਵਾਲੇ ਨੂੰ ਝੂਠ ਜਾਂ ਅਸੱਤ ਦਾ ਕੀ ਡਰ? ਇਹ ਸੀ ਪਹਿਲਾ ਜ਼ਰੂਰੀ ਸਬਦ—ਆਦਿ ਸਿਖਿਆ—ਜੋ ਗੁਰੂ ਨਾਨਕ ਨਿਰੰਕਾਰੀ ਨੇ ਮਨੁਖਤਾ ਨੂੰ ਦਿਤੀ ਤੇ ਜਿਸ ਨੂੰ ਪੰਜਵੇਂ ਜਾਮੇ ਵਿਚ ਪ੍ਰਵੇਸ਼ ਕਰਨ ਤਕ, ਨਾਮ-ਬਾਣੀ ਤੇ ਸੰਗਤ ਦੇ ਸਾਧਨਾ ਨਾਲ ਪਕਿਆਂ ਕਰ ਦਿਤਾ।

ਮਨੁਖੀ ਸੁਭਾਵ ਹੈ ਕਿ ਜਦ ਤਾਈਂ ਉਹ ਕਿਸੇ ਅਸੂਲ ਦੀ ਅਮਲੀ ਵਰਤੋਂ ਪਰਤਖ ਪ੍ਰਗਟ ਪਹਾਰੇ ਨਾ ਵੇਖ ਲਵੇ, ਉਸ ਤੇ ਅਮੰਨਾ ਨਹੀਂ ਲਿਆਉਂਦਾ। ਨਾਮ-ਬਾਣੀ-ਸੰਗਤ ਦੀ ਸ਼ਕਤੀ ਤੇ ਉਸਨੂੰ ਭਰੋਸਾ ਤਾਂ ਹੋ ਗਿਆ ਸੀ ਪਰ ਉਹ ਅਟਲ ਤੇ ਅਹਿਲ ਵਿਸ਼ਵਾਸ਼ ਜੋ ਅਖੀਂ ਪੇਖੇ ਪਰਖੇ ਤਜਰਬੇ ਨਾਲ ਹੋ ਸਕਦਾ ਹੈ, ਦ੍ਰਿੜਾਉਣ ਲਈ ਪਾਰ ,ਦਰਸ਼ੀ ਸਤਿਗੁਰੂ ਜੀ ਨੇ ਪੰਜਵੇਂ ਜਾਮੇ ਵਿਚ ਅਜੀਬ ਤੇ ਭਿਆਨਕ ਕੌਤਕ ਰਚਾਏ। ਭਟਾਂ ਰਾਹੀਂ ਗੁਰਬਾਣੀ ਦਰਸਾਉਂਦੀ ਹੈ ਕਿ "ਗੁਰੂ ਅਰਜਨ ਪਰਤਖ ਹਰਿ" ਹਨ।

ਉਹ ਸ੍ਰਬ ਕਲਾ ਸੰਪੂਰਨ ਗੁਰੂ ਨਾਨਕ ਦੀ ਹੀ ਜੋਤ ਹੋਣ ਕਰਕੇ ਖੁਦ ਸਰਬਕਲਾਂ ਸਮਰਥ ਹਨ।

**ਜੇ ਗੁਰੂ ਸਾਹਿਬ ਦੀ ਇਕ ਨਜ਼ਰ ਨਾਲ ਕੌਡੇ ਰਾਖਸ਼ ਦਾ ਤੇਲ ਦਾ ਤਪਦਾ ਕੜਾਹਾ ਠੰਡਾ ਹੋ ਸਕਦਾ ਹੈ ਤਾਂ ਕੀ ਉਬਲਦੀ ਦੇਗ, ਤਤੀ ਤਵੀ ਤੇ ਸੜ੍ਹ ਰਹੀ ਰੇਤ ਠੰਡੀ ਨਹੀਂ ਸੀ ਹੋ ਸਕਦੀ? ਜੇ ਕਰ ਖੁਦ ਗੁਰੂ ਅਰਜਨ ਸਾਹਿਬ 'ਸੁਲਹੀ ਤੇ ਨਾਰਾਇਣ ਰਾਖ' ਸ਼ਬਦ ਪੜ੍ਹ ਕੇ ਦੋਖੀਆਂ ਨੂੰ ਨਸ਼ਟ ਕਰ ਸਕਦੇ ਸਨ ਤਾਂ ਕੀ ਉਹੀ ਸ਼ਬਦ-ਸ਼ਕਤੀ ਜਹਾਂਗੀਰ ਜਾਂ ਹੋਰ ਦੋਖੀਆਂ ਨੂੰ ਨਸ਼ਟ ਨਹੀਂ ਸੀ ਕਰ ਸਕਦੀ?**

ਪੁਰਾਤਨ ਇਤਿਹਾਸ ਵਿਚ ਪ੍ਰਹਿਲਾਦ ਇਕ ਉਘਾ ਭਗਤ ਹੋਇਆ ਹੈ। 'ਹਰਨਾਖਸ਼ ਦੁਸ਼ਟ ਹਰਿ ਮਾਰਿਆ ਪ੍ਰਹਿਲਾਦ ਤਰਾਇਆ' ਗੁਰਵਾਕ ਪ੍ਰਹਿਲਾਦ ਦੀ ਹੋਂਦ ਤੇ ਉਸ ਦੀ ਰਖਿਆ ਦੀ ਗਵਾਹੀ ਭਰਦਾ ਹੈ। ਉਸ ਨੂੰ ਜ਼ਾਲਮ ਤੇ ਹੰਕਾਰੀ ਪਿਤਾ ਵਲੋਂ ਹੁਕਮ ਦੇਂਦਾ ਹੈ ਕਿ ਜੇ ਕਰ ਉਹ ਰਾਮ ਦੀ ਭਗਤੀ ਜਾਂ ਪ੍ਰਮੇਸਰ ਦੀ ਭਗਤੀ ਨਹੀਂ ਛਡਦਾ ਤਾਂ ਅਗ ਨਾਲ



www.AKJ.Org

ਸੂਹੇ ਹੋਏ ਹੋਏ ਲੋਹੇ ਦੇ ਥੰਮ ਨਾਲ ਲਿਪਟੇ। ਪ੍ਰਹਿਲਾਦ ਕੁਝ ਘਬਰਾ ਗਿਆ। ਉਸ ਦੀ ਪੈਜ ਰਖਣ ਲਈ ਅਕਾਲ ਪੁਰਖ ਨੇ ਕੀੜੀ ਨੂੰ ਤਪਦੇ ਥੰਮ ਤੇ ਦਰਸਾ ਕੇ ਪ੍ਰਹਿਲਾਦ ਨੂੰ ਢਾਰਸ ਦਿਲਵਾਈ ਤੇ ਉਸਨੇ ਇਹ ਕੌਤਕ ਦੇਖਦਿਆ ਥੰਮ ਨੂੰ ਜਫੀ ਪਾ ਲਈ। ਸੇਕ ਨਾਲ ਤਪ ਰਿਹਾ ਥੰਮ ਠੰਢਾ ਠਾਰ ਸੀ।

**ਜੇ ਕਰ ਇਕ ਭਗਤ ਲਈ ਇਹ ਕਲਾ ਵਰਤ ਸਕਦੀ ਹੈ ਤਾਂ ਹੁਣ ਸਰਬ ਕਲਾ ਸੰਪੂਰਨ ਜਾਂ 'ਗੁਰੂ ਅਰਜਨ ਦੇਵ ਪਰਤਖ ਹਰਿ' ਨੂੰ ਕਿਉਂ ਉਬਲਦੀ ਦੇਗ ਵਿਚ ਉਬਲਨਾ ਪਿਆ? ਕਿਉਂ ਉਸ ਮਹਾਨ ਪਵਿਤ੍ਰ ਤੇ ਨਾਜ਼ਕ ਸ਼ਰੀਰ ਨੂੰ ਏਨੇ ਅਸਹਿ ਤਸੀਹੇ ਸਹਿਣੇ ਪਏ?**

ਸਭ ਕੂੜੀਆਂ ਦੁਨੀਆਵੀ ਸ਼ਕਤੀਆਂ ਜੋ ਗੁਰੂ ਸਾਹਿਬ ਦੀਆਂ ਪਾਣੀਹਾ ਹਨ, ਕਿਉਂ ਨਾ ਐਸੀ ਦਿਲ ਵੇਧਨੀ ਘਟਨਾਂ ਹੋਣ ਤਾਂ ਪਹਿਲਾਂ ਨੇਸਤੋ ਨਾਬੂਦ ਹੋ ਗਈਆਂ?

ਪਰ ਪਰੋਗਰਾਮ ਹੋਰ ਸੀ। ਹਰ ਪ੍ਰਾਣੀ ਪ੍ਰਹਿਲਾਦ ਨਹੀਂ ਬਣ ਸਕਦਾ। ਹਰ ਕੋਈ ਹਰ ਸਮੇਂ ਇੰਨਾਂ ਅਕਾਲੀ ਸ਼ਕਤੀਆਂ ਦਾ ਮਾਲਕ ਨਹੀਂ ਬਣ ਸਕਦਾ। ਗੁਰੂ ਸਾਹਿਬ ਨੇ ਸਮੁਚੀ ਮਨੁਖਤਾ ਵਿਚ ਸ਼ਕਤੀ ਭਰਨੀ ਸੀ।

ਨਿਤਾਣਿਆਂ ਵਿਚ ਤਾਣ ਭਰਨਾ ਸੀ ਤਾਂ ਕਿ ਉਹ ਹਰ ਔਕੜ ਦਾ ਟਾਕਰਾ ਹਸਦਿਆਂ ਹਸਦਿਆਂ ਕਰ ਸਕੇ। ਇਸ ਲਈ ਗੁਰੂ ਸਾਹਿਬ ਨੇ ਉਹ ਪੂਰਨੇ ਪਾਏ ਜਿਨਾਂ ਤੇ ਸਾਰੀ ਮਨੁਖਤਾ ਚਲ ਸਕੇ ਨ ਕਿ ਚੋਣਵੇਂ ਭਗਤ। ਜਬਰ ਨਾਲ ਸਬਰ ਦਾ, ਜ਼ੁਲਮ ਨਾਲ ਮਜ਼ਲੂਮ ਦਾ ਸਦਾ ਹੀ ਟਾਕਰਾ ਹੁੰਦਾ ਰਹਿੰਦਾ ਹੈ, ਇਸ ਸਦਾ ਵਾਪਰ ਰਹੀ ਲੜਾਈ ਵਿਚ, ਮਜ਼ਲੂਮ ਜਾਂ ਨਿਤਾਣੀ ਜਨਤਾ ਨੂੰ ਸ਼ਕਤੀਮਾਨ ਬਨਾਉਣ ਦਾ ਜੋ ਜੋ ਸਾਧਨ ਗੁਰੂ ਸਾਹਿਬਾਨ ਨੇ ਵਰਤਿਆ, ਉਸ ਦਾ ਅਮਲੀ ਪ੍ਰਦਰਸ਼ਨ ਕਰਾਉਣ ਦੀ ਲੋੜ ਸੀ। ਉਹ ਸਾਧਨ ਕੀ ਸੀ?

ਕਿਸੇ ਵੀ ਮੁਸੀਬਤ ਜਾਂ ਔਕੜ ਦਾ ਟਾਕਰਾ ਕਰਨ ਦੀ ਸ਼ਕਤੀ ਨਿਰਾ ਪੁਰਾ ਸਰੀਰਕ ਸ਼ਕਤੀ ਤੇ ਨਿਰਭਰ ਨਹੀਂ। ਇਹ ਸ਼ਕਤੀ ਮਨ ਨਾਲ ਸੰਬੰਧਤ ਹੈ। ਸਰੀਰ ਕਰਕੇ ਬਿਲਕੁਲ ਦੁਬਲੇ ਪਤਲੇ ਜਿਹੇ ਮਨੁਖ, ਜਦੋਂ ਮਾਨਸਕ ਤੌਰ ਤੇ ਨਿਡਰ ਤੇ ਬਹਾਦਰ ਬਣ ਜਾਂਦੇ ਹਨ ਤਾਂ ਵਡੀਆਂ ਵਡੀਆਂ ਦੁਨੀਆਵੀ ਸ਼ਕਤੀਆਂ ਨੂੰ ਜ਼ੇਰ ਕਰ ਲੈਂਦੇ ਹਨ। ਇਸੇ ਲਈ ਗੁਰੂ ਸਾਹਿਬ ਨੇ ਆਦਿ ਤੋਂ ਹੀ ਮਾਨਸਕ ਨਿਡਰਤਾ ਤੇ ਮਜ਼ਬੂਤੀ ਪੈਦਾ ਕਰਨ ਵਲ ਗਹੁ ਕੀਤਾ।

ਕਿਰਤ ਕਰਨੀ।

ਨਾਮ ਜਪਨਾ।

ਵੰਡ ਛਕਣਾ ਅਤੇ

ਸਤਿ ਸੰਗਤ ਕਰਨੀ।

ਇਹ ਸਨ ਵਸੀਲੇ, ਮਨ ਨੂੰ ਤਕੜਾ ਬਨਾਉਣ ਦੇ। ਇਹ ਇਕ ਸਚਾਈ ਹੈ ਕਿ ਕੂੜ ਗ੍ਰਸਿਆ, ਭੈੜੇ ਕਰਮਾਂ ਵਾਲਾ ਬੰਦਾ ਨਿਡਰ ਨਹੀਂ ਹੋ ਸਕਦਾ।



www.AKJ.Org

ਭੈੜੇ ਕਰਮਾਂ ਤੋਂ ਬਚਿਆ ਤਾਂ ਜਾ ਸਕਦਾ ਹੈ ਜੇ ਕਰ ਮਨ ਦਾ ਝੁਕਾਅ, ਨਾਮ-ਬਾਣੀ, ਤਿਆਗ ਤੇ ਸਤਿ ਸੰਗਤ ਦੇ ਪ੍ਰਭਾਵ ਨਾਲ, ਸੱਚ ਜਾਂ ਅਕਾਲ ਪੁਰਖ ਵਲ ਹੋ ਜਾਵੇ, ਪਾਪੀ ਤੇ ਕੁਕਰਮੀ ਪੁਰਖ ਆਪਣੇ ਦੁਰਕਰਮਾਂ ਕਾਰਨ ਸਦਾ ਹੀ ਡਰਦਾ ਰਹਿੰਦਾ ਹੈ ਭਾਵੇਂ ਉਹ ਸਰੀਰਕ ਤੇ ਦੁਨੀਆਵੀ ਸ਼ਕਤੀ ਦਾ ਮਾਲਕ ਵੀ ਕਿਉਂ ਨਾ ਹੋਵੇ। ਇਸ ਲਈ ਗੁਰੂ ਸਾਹਿਬ ਨੇ ਡਰ ਦੇ ਇਸ ਮੂਲ ਨੂੰ ਮਨੁਖ ਮਨ ਵਿਚੋਂ ਕਢਣ ਦਾ ਸਬਕ ਦਿਤਾ। ਮਨੁਖ ਨੂੰ ਸਮਝਾਇਆ ਕਿ ਨਿਡਰਤਾ ਲਈ ਪਾਪਾਂ ਤੋਂ ਬਚਨਾ ਅਵਸ਼ ਜ਼ਰੂਰੀ ਹੈ। ਪਾਪ ਹੀਨ ਆਤਮਾ ਸਦਾ ਬਲਵਾਨ ਰਹਿੰਦੀ ਹੈ। ਆਤਮਾ ਦੇ ਬਲਵਾਨ ਹੋਣ ਨਾਲ ਹੋਰ ਕੋਈ ਦੁਨੀਆਵੀ ਡਰ ਪੋਹ ਨਹੀਂ ਸਕਦੇ।

ਸੋ ਡਰੈ ਜਿ ਪਾਪ ਕਮਾਵਦਾ, ਧਰਮੀ ਵਿਗਸੇਤ।
ਤੂੰ ਸਚਾ ਆਪ, ਨਿਆਉਂ ਸਚ, ਤਾਂ ਡਰੀਐ ਕੇਤੁ।

ਜਦ ਅਕਾਲ ਪੁਰਖ ਜੋ ਸਭ ਤੇ ਊਚਾ, ਊਚੋ ਊਚਾ ਸਰਬ ਸ਼ਕਤੀਆਂ ਦਾ ਸੋਮਾ ਹੈ, ਉਹ ਸੱਚਾ ਹੈ। ਉਹ 'ਆਦਿ ਸਚ, ਜੁਗਾਦਿ ਸਚ, ਹੈ ਭੀ ਸਚ, ਨਾਨਕ ਹੋਸੀ ਭੀ ਸਚ' ਹੈ। ਇਸ ਲਈ ਸਦਾ ਹੀ ਨਿਆਉਂ ਭੀ ਸੱਚਾ ਕਰਦਾ ਹੈ। ਤਾਂ ਫਿਰ ਉਸ ਸੱਚੇ ਦੇ ਹੁਕਮ ਵਿਚ ਸੱਚ ਕਮਾਉਣ ਵਾਲੇ ਨੂੰ ਡਰ ਕਿਸ ਦਾ? ਉਸ ਨੂੰ ਜਨਮ-ਮਰਣ ਦੀ ਅਸਲੀਅਤ ਦੀ ਸੋਝੀ ਆ ਜਾਂਦੀ ਹੈ। ਉਸ ਲਈ ਮੌਤ ਅਨੰਦ ਦਾ ਕਾਰਨ ਹੁੰਦੀ ਹੈ :-

ਕਬੀਰ ਜਿਸੁ ਮਰਨੈ ਤੇ ਜਗੁ ਡਰੈ.
ਮੇਰੇ ਮਨ ਆਨੰਦੁ ॥
ਮਰਨੇ ਹੀ ਤੇ ਪਾਈਐ,
ਪੂਰਨ ਪਰਮਾਨੰਦ ॥

ਉਸ ਦੀ ਅਰਦਾਸ, ਬੇਨਤੀ ਸਦਾ ਹੀ ਇਹ ਹੈ :-

ਦੇਹ ਸਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨਾ ਡਰੋ ਅਰ ਸੋ ਜਬ ਜਾਇ ਲਰੋ,
ਨਿਸਚੈ ਕਰ ਅਪਨੀ ਜੀਤ ਕਰੋ ॥
ਅਰ ਸਿਖ ਹੋ ਆਪਨੇ ਹੀ ਮਨ ਕੋ,
ਇਹ ਲਾਲਚ ਹਉ ਗੁਨ ਤਉ ਉਚਰੋ॥
ਜਬ ਆਵ ਕੀ ਅਉਧ ਨਿਧਾਨ ਬਨੈ;
ਅਤ ਹੀ ਰਨ ਮੈ ਤਬ ਜੂਝ ਮਰੋ ॥

ਹਾਂ ਜੀ! ਕੂੜ ਨਾਲ ਲੜਦਾ ਹੋਇਆ ਹੀ ਜੂਝ ਮਰਾਂ ਇਹ ਹੈ ਉਸ ਮਨ ਦੀ ਅਵਸਥਾ। ਉਥੇ ਡਰ ਕਿਥੇ? ਸਚ ਕਮਾਉਣ ਹਾਰੇ ਦਾ ਹਿਰਦਾ ਸੁਧ ਹੁੰਦਾ ਹੈ ਤੇ--

ਜਿਸ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੜੀਏ,
ਤਿਨੀ ਜਨਿ ਸਭਿ ਡਰ ਸੁਟਿ ਘਤੇ ਰਾਮ॥

ਇਸ ਸਬਕ ਨੂੰ ਜਗਤ ਦੀ ਵਿਸ਼ਾਲ ਤਜਰਬਾਗਾਹ ਵਿਚ ਪ੍ਰਗਟ ਤੌਰ ਤੇ ਅਮਲ ਵਿਚ ਲਿਆਉਣਾ, ਸ਼ਾਇਦ ਇਹ ਸੀ ਇਕ ਮੰਤਵ ਸ੍ਰੀ ਗੁਰੂ ਅਰਜਨ ਸਾਹਿਬ ਜੀ ਤੇ ਇਨੇ ਕਸ਼ਟ ਸਹਿਕੇ ਸ਼ਹੀਦੀ ਕਬੂਲਣ ਦਾ। ਰਵਾਇਤ ਹੈ ਕਿ ਸਾਈਂ ਮੀਆਂ ਮੀਰ- ਗੁਰੂ ਸਾਹਿਬ ਦੇ ਕਸ਼ਟਾਂ ਨੂੰ ਦੇਖ ਕੇ ਕੁਰਲਾ ਉਠਿਆ। ਇਕ ਕਵੀ ਲਿਖਦਾ ਹੈ :-

ਸਾਈਂ ਮੀਆਂ ਮੀਰ ਡਿਠਾ, ਹਾਲ ਆ ਜਦ ਯਾਰਦਾ
ਸੁਣ ਕਿਹਾ ਸਤਿਗੁਰ, ਮੀਆਂ! ਛੋਡੋ ਪ੍ਰੀਤੀ ਚਾਮ ਸੇ।
ਕਿਆ ਹੂਆ ਤਨ ਜਲ ਰਹਾ, ਹਮ ਸ਼ਾਂਤ ਹੈ ਹਰਿ



www.AKJ.Org

ਨਾਮ ਸੇ।

'ਹਮ ਸ਼ਾਂਤ ਹੈਂ ਹਰਿ ਨਾਮ ਸੇ' ਇਸ ਤੁਕ ਵਿਚ ਲੁਕਿਆ ਪਿਆ ਹੈ ਭੇਦ ਇਸ ਸਹਿਣ ਸ਼ਕਤੀ ਦਾ। ਇਸ ਨਿਡਰਤਾ ਦਾ ਬੜੀ ਅਚੰਭਾ ਭਰੀ ਗਲ ਲਗਦੀ ਹੈ ਕਿ ਤਨ ਦੇ ਜਲਨ ਦੀ ਪ੍ਰਵਾਹ ਹੀ ਨਹੀਂ। ਤਨ ਸੜ ਰਿਹਾ ਹੈ ਪਰ ਮਨ ਸ਼ਾਂਤ ਹੈ। ਕਿਉਂ ਮਨ ਸੱਚ ਕਮਾਉਣ ਕਰਕੇ ਉਸ ਸਦਾ 'ਸਚ' ਨਾਲ ਇਕ ਮਿਕ ਹੋ ਚੁਕਾ ਹੈ। ਪਾਪਾਂ ਦੀ ਅਣਹੋਂਦ ਕਰਕੇ ਪਵਿਤ੍ਰ ਮਨ ਵਿਚ ਸਚ ਦਾ ਨਿਵਾਸ ਹੈ। ਜਿਥੇ ਸੱਚ ਦਾ ਨਿਵਾਸ ਹੈ। ਉਥੇ ਅਨੰਦ ਹੀ ਅਨੰਦ ਹੈ। 'ਸਚ' ਹੀਣ ਮਨੁਖ ਦਾ ਤਨ ਤਾਂ ਸ਼ਾਇਦ ਸਰੀਰਕ ਐਸ਼ ਆਰਾਮ ਦੇ ਵਸੀਲੇ ਹੋਣ ਕਰਕੇ ਸ਼ਾਂਤ ਹੋਵੇ ਪਰ ਮਨ ਪਾਪਾਂ ਤੇ ਤ੍ਰਿਸ਼ਨਾ ਦੀ ਅਗ ਨਾਲ ਜਲਣ ਕਰਕੇ ਕਮਜ਼ੋਰ ਹੈ।

ਇਸ ਲਈ ਉਹ ਸਦਾ ਹੀ ਡਰਦਾ ਹੈ। ਮਾਇਆ ਖੁਸਣ ਦਾ ਡਰ। ਅਰੋਗਤਾ ਖੁਸਣ ਦਾ ਡਰ। ਮਾਣ ਤਾਣ ਹੀਣ ਹੋ ਜਾਣ ਦਾ ਡਰ। ਰਾਜ ਭਾਗ ਖੁਸ ਜਾਣ ਦਾ ਡਰ। ਆਪਣੇ ਪਾਪਾਂ ਕਰਕੇ ਬਣਾਏ ਹੋਏ ਵੀਰ ਵਲੋਂ ਡਰ। ਖਬਿਉਂ ਡਰ। ਸਜਿਉਂ ਡਰ। ਡਰ। ਡਰ। ਡਰ। ਹਰ ਪਾਸਿਉਂ ਡਰ। ਤਾਂ ਉਹ ਕਿਸ ਤਰਾਂ ਸ਼ਾਂਤੀ ਤੇ ਅਨੰਦ ਭਰਿਆ ਜੀਵਨ ਬਤੀਤ ਕਰੇ। ਕਿਸ ਤਰਾਂ ਉਹ ਔਕੜਾਂ ਦਾ ਟਾਕਰਾ ਕਰੇ। ਇਕ ਅੰਗ੍ਰੇਜ਼ੀ ਦਾ ਲਿਖਾਰੀ ਲਿਖਦਾ ਹੈ :-

Cowards die many times before their death.

ਡਰਪੋਕ ਤਾਂ ਅਸਲੀ ਸਰੀਰਕ ਮੌਤ ਤੋਂ ਪਹਿਲੇ ਕਈ ਵਾਰ ਮਰਦੇ ਹਨ। ਉਹ ਸਦਾ ਹੀ ਮਰਦੇ ਰਹਿੰਦੇ ਹਨ ਕਿਸੇ ਨਾ ਕਿਸੇ ਡਰ ਕਾਰਨ ਕਿਉਂ ਕਿ ਸਚਾਈ ਹੈ ਕਿ 'ਸੋ ਡਰੈ ਜਿ ਪਾਪ ਕਮਾਵਦਾ'।

ਸੋ ਇਤਿਹਾਸਕ ਦ੍ਰਿਸ਼ਟੀ ਕੋਣ ਤੋਂ ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਕਾਰਨ ਭਾਵੇਂ ਕੁਛ ਵੀ ਹੋਵੇ, ਅਧਿਆਤਮਕ ਦ੍ਰਿਸ਼ਟੀ ਕੋਣ ਤੋਂ ਇਸ ਮਹਾਨ ਸ਼ਹੀਦੀ ਦਾ ਕਾਰਨ ਇਹੋ ਭਾਸਦਾ ਹੈ ਕਿ ਮਨੁਖਤਾ ਨੂੰ ਸਚਾਈ ਦ੍ਰਿੜਾ ਕੇ, ਪਾਪ ਰਹਿਤ ਕਰਕੇ ਨਿਡਰ ਬਣਾਇਆ ਜਾਵੇ। ਨਿਡਰ ਮਨ ਵਾਲ ਮਨੁਖ ਅਸਹਿ ਕਸ਼ਟ ਸਹਿੰਦਾ ਹੋਇਆ ਵੀ ਮੁਸ-ਕਰਾਉਂਦਾ ਹੈ। ਇਸ ਸਬਕ ਦਾ ਸਦਕਾ, ਗੁਰਸਿਖੀ ਵਿਚ ਇਸ ਪਹਿਲੀ ਮਹਾਨ ਸ਼ਹੀਦੀ ਦਾ ਸਦਕਾ, ਇਨਾਂ ਤੋਂ ਪਿਛੇ ਆਉਣ ਵਾਲਾ ਸਿਖ ਇਤਿਹਾਸ, ਨਾ ਸਿਰਫ ਗੁਰੂ ਸਹਿਬਾਨ ਬਲਕਿ ਆਮ ਗੁਰਸਿਖਾਂ ਦੀਆਂ ਸ਼ਹੀਦੀਆਂ ਨਾਲ ਭਰਿਆ ਪਿਆ ਹੈ।

---

## ਜ਼ਰੂਰੀ ਸੂਚਨਾ

ਜਿਨ੍ਹਾਂ ਵੀਰਾਂ ਦਾ ਸਾਲਾਨਾ ਚੰਦਾ ਖਤਮ ਹੋ ਗਿਆ ਹੈ ਉਹ ਕ੍ਰਿਪਾ ਕਰਕੇ ਆਪਣੇ ਚੰਦੇ ਛੇਤੀ ਭੇਜਣ ਦੀ ਖੇਚਲਾ ਕਰਨ। ਮਾਇਆ ਭੇਜਣ ਲਗਿਆਂ ਆਪਣਾ ਚਿਟ ਨੰਬਰ ਦਾ ਹਵਾਲਾ ਜਰੂਰ ਦਿਓ ਜੀ। ਇਕ ਵੀਰ ਨੇ ਬੰਬਈ ਤੋਂ ਮਨੋਹਰ ਸਿੰਘ ਔਡੀਟਰ ਦੇ ਨਾਉ ਚੰਦਾ ਭੇਜਿਆ ਸੀ ਪਰ ਉਸ ਨੇ ਆਪਣਾ ਕੋਈ ਅਡਰੈਸ ਨਹੀਂ ਸੀ ਲਿਖਿਆ ਹੋਇਆ ਤੇ ਇਕ ਵੀਰ ਨੇ ਅਡਰੈਸ ਉਰਦੂ ਵਿਚ ਲਿਖਿਆ ਸੀ ਪਰ ਉਹ ਵੀ ਸਕਸ਼ਤਾ ਹੋਣ ਕਰਕੇ ਨਹੀਂ ਪੜਿਆ ਗਿਆ ਸੋ ਕ੍ਰਿਪਾ ਕਰਕੇ ਚੰਦਾ ਭੇਜਣ ਲਗਿਆਂ ਆਪਣਾ ਪੱਤਾ ਸਾਫ ਸੁਥਰਾ ਲਿਖਿਆ ਕਰੋ।

ਮਨੇਜਰ ਸੂਰਾ

ਪਟਿਆਲਾ।



www.AKJ.Org

# ਗੁਰੂ ਅਰਜਨ ਪ੍ਰਤਖ ਹਰਿ

(ਭਾਈ ਸਤਿਨਾਮ ਸਿੰਘ ਜੀ ਲੁਧਿਆਣਾ)

ਹਰੀ ਕਰਨ ਕਾਰਨ ਸਮਰਥ ਦਾ ਪਰਤਖ ਰੂਪ ਗੁਰੂ ਅਰਜਨ ਦੇ ਨੂਰਾਨੀ ਚਿਹਰੇ ਤੇ ਜੋਤਿ ਸਰੂਪ ਦਾ ਖੇੜਾ ਉਥਾਪਿਆ ਪਿਆ ਸੀ। ਉਹ ਉਸ ਪਰਮ ਅਕਾਲ ਦੇ ਗੁਣ ਉਹਦਾ ਰੂਪ ਹੋ ਕੇ ਗਾਂਦੇ ਸਨ। ਆਦਿ-ਫਿਲਾਸਫੀ ਦੇ ਮੂਲ ਨਿਖੇੜਕ 'ਗੁਰੂ ਨਾਨਕ' ਨੂੰ ਵੀ ਅਜੇਹੀਆਂ ਰੰਗ ਰਤੜੀਆਂ ਆਤਮਾਵਾਂ ਨੇ 'ਜੋਤਿ ਰੂਪ ਹਰਿ ਆਪਿ' ਦੀ ਉਪਾਧੀ ਦਿਤੀ। ਤੇ ਜੇਹੀ ਉਹਨਾਂ ਦੀ ਆਤਮਾ 'ਚ ਜਗ ਰਹੀ ਜੋਤ ਦਸਾਂ ਪਾਤਸ਼ਾਹੀਆਂ ਤਕ ਜੱਗੀ ਤੇ ਗੁਰੂ ਗ੍ਰੰਥ ਸਾਹਿਬ ਅਕਾਲ ਪੁਰਖ ਦੇ ਗੁਣਾਂ ਦਾ ਪੁੰਜ ਓਸੇ ਜੋਤਿ ਦਾ ਪ੍ਰਕਾਸ਼ ਨੇ। ਇਸੇ ਜੋਤਿ ਨੂੰ ਜੋਤਿ ਦਾ ਰੂਪ ਹੋ ਕੇ ਜੋਤਿ ਬਣਾ ਕੇ ਮਹਾਂ ਜੋਤਾਂ ਨੇ ਗਾਵਿਆ ਤੇ ਅਨੰਤਰ ਵਾਹਿਗੁਰੂ ਦਾ ਅਭਿਆਸ ਖਿਲੇਰਿਆ ਜੁ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵਿਚਾਰਾਂ ਦੇ ਅਨੁਕੂਲ—ਗੁਰੂ ਗ੍ਰੰਥ ਸਾਹਿਬ ਚੂੰਕਿ ਪਰਮ-ਅਕਾਲ ਦੇ ਗੁਣ ਨੇ ਤੇ ਗੁਣ ਤੇ ਗੁਣੀ ਅਭੇਦ ਹੁੰਦੇ ਨੇ, ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਅਕਾਲ ਪੁਰਖ ਦੀ ਪੂਜਾ ਏ ਤੇ ਅਜੇਹੀ ਹੀ ਪੂਜਾ ਗੁਰਮਤ ਮਾਰਗ ਦੀ ਸਿਖਰ ਏ, ਸੋ ਅਜੇਹੀ ਪੂਜਾ ਜਾਂ ਅਜੇਹਾ ਨਰੋਆ ਤੇ ਸਾਦਾ ਵਿਸ਼ਵਾਸ ਸਾਡੇ ਅੰਦਰ ਬੁੱਤ-ਪ੍ਰਸਤੀ ਦੀਆਂ ਭਾਵਨਾਵਾਂ ਨਹੀਂ ਸਮੇਟਦਾ। ਇਸੇ ਵਾਹੁ—ਵਾਹੁ ਦਾ ਅਨੰਤਰ ਅਭਿਆਸ ਜਿਸ ਜੋਤਿ—ਰੂਪ 'ਗੁਰੂ ਨਾਨਕ' ਨੇ ਗਾਵਿਆ, ਉਹਨੇ ਆਪਣੇ ਤੋਂ ਬਾਅਦ ਉਹੀ ਜੋਤਿ ਗੁਰਮਤ—ਫੁਲਵਾੜੀ 'ਚ ਮਹਿਕਾਈ ਤੇ ਉਹ ਹਰੀ ਦੇ ਪਰਤਖ ਸਰੂਪ ਹੋ ਗੁਣ ਤੋਂ ਗੁਣੀ ਬਣ ਪਰਤਖ ਹਰਿ ਦਾ ਸਾਕਾਰ ਰੂਪ ਸਨ।

ਗੁਰੂ ਅਰਜਨ ਸਾਹਿਬ ਨੂੰ ਜਦ ਭੱਟਾਂ ਨੇ ਆਪਣੀਆਂ ਰੰਗੀਆਂ ਹੋਈਆਂ ਸੁਰਤੀਆਂ 'ਚ ਘੋਖਿਆਂ ਤਾਂ ਉਹਨਾਂ ਨੂੰ ਗੁਰੂ ਅਰਜਨ ਪਰਮਜੋਤ ਦਾ ਪ੍ਰਗਟਾਅ ਅਰਥਾਤ ਹਰੀ ਦਾ ਪ੍ਰਤਖ ਰੂਪ ਬਿਆਨਿਆ ਉਹਨਾਂ ਨੇ ਅਕਾਲ—ਪੁਰਖ ਦੇ ਗੁਣ ਗੁਰੂ ਅਰਜਨ ਦੇਵ ਜੀ ਦੀ ਆਤਮਾਂ 'ਚ ਤੇ ਉਹਦੀ ਉਚਰੀ ਬਾਣੀ 'ਚ ਪਾਏ ਤੇ ਉਹਨਾਂ ਦੀ ਬਾਣੀ ਦੀ ਨਿਪੁੰਨਤਾ ਜੋ ਪਰਮ ਅਕਾਲ ਦਾ ਵਾਹੁ—ਵਾਹੁ ਅਭਿਆਸ ਦਰਸਾਉਂਦੀ ਸੀ, ਉਹਨਾਂ ਨੂੰ ਦਿਲ-ਖਿਚਵੀਂ ਖਿਚੀ ਤੇ ਉਹਨਾਂ 'ਬਾਣੀ ਕੇ ਬੋਹਿਥੇ' ਨੂੰ ਪਰਤਖ ਹਰੀ ਕਹਿਣੋਂ ਰੁਕ ਨਾ ਸਕੇ।

ਬਾਣੀ ਦਾ ਅਮੁਕ ਵਹਾਉ ਜਿਉਂ ਜਿਉਂ



www.AKJ.Org

ਚੋਂ-ਪਰਵਾਰ ਹੋ ਵਰਿਆ ਤੇ ਉਸ ਨੇ ਅਦੁਤੀ ਸਿਧਾਂਤ ਤੇ ਫਲਸਫੇ ਵਿਸ਼ੇਸ਼-ਇਕ ਉਹਨਾਂ ਫਲਸਫੇ-ਜੋਤਾਂ ਚੋਂ ਇਹ ਸਿਧਾਂਤ ਨਿਖੇੜਿਆ ਗਿਆ ਜੁ ਗੁਰੂ ਦੀ ਆਤਮਾ ਪਰਮ ਜੋਤ ਦਾ ਪ੍ਰਕਾਸ਼-ਰੂਪ ਏ। ਪਾਰਬ੍ਰਹਮ ਤੇ ਸਤਿਗੁਰੂ ਅਭੇਦ ਅਲਾਪੇ ਗਏ। ਗੁਰੂ ਦੀ ਪੂਜਾ ਗੋਬਿੰਦ ਦੀ ਪੂਜਾ ਸਮਝੀ ਗਈ। ਤੇ ਇਹ ਪੂਜਾ-ਗੁਰੂ ਦੀ ਹੀ ਆਤਮਾ ਸੀ ਜੋ ਜਾਗਤ-ਜੋਤ ਦੇ ਪ੍ਰਕਾਸ਼ ਤਕ ਸੰਤੁਲਤ ਏ। ਸਖਸ਼ੀਅਤ ਜਾਂ ਜਿਸਮਾਨੀ ਫੋਕਟ ਪੂਜਾ ਗੁਰੂ ਦੀ ਜਦ ਕਿ ਅੰਤਮ-ਆਤਮੇ ਕੁਕਰਮ-ਕੇਂਦਰ ਹੋਣ, ਮਨਮਤ ਕਰਾਰ ਦਿਤਾ ਗਿਆ। ਦਸ਼ਮੇਸ਼ ਜੀ ਨੇ ਸ਼ਾਇਦ ਇਸ ਭੇਤ ਨੂੰ ਉਜਾਗਰ ਕੀਤਾ ਤੇ ਸਤਿਗੁਰੂ ਦੀ ਆਤਮਾ ਦਾ ਜਾਗਤ ਜੋਤ ਨਾਲ ਰਿਸ਼ਤਾ ਗੰਢਿਆ ਉਹਨਾਂ ਆਪਣੀਆਂ ਕਲਮਾਂ ਰਾਹੀਂ ਜਿਸਮਾਨੀ ਫੋਕਟ ਪੂਜਾ ਦਾ ਨਿਖੇਧ ਕਰਕੇ ਆਤਮਾ-ਪ੍ਰਮਾਤਮਾ ਦਾ ਸੁਮੇਲ ਦ੍ਰਿੜਾਇਆ। ਠੀਕ ਏ ਜੁ ਉਹਨਾਂ ਦੀ ਆਤਮਾਂ ਜਾਗਤ-ਜੋਤ ਦਾ ਹੀ ਰੂਪ ਸੀ, ਮਗਰ ਚੂੰਕਿ ਅਗਿਆਨ ਭਈ ਲੋਕਾਈ ਮਤਾਂਕਿ ਜਿਸਮਾਨੀ ਫੋਕਟ ਪੂਜਾ 'ਚ ਨਾ ਉਲਝ ਪਵੇ-ਉਹਨਾਂ ਵੰਗਾਰਿਆ

'ਜੋ ਹਮ ਕੋ ਪਰਮੇਸਰ ਉਚਰਹਿ,
ਤੇ ਸਭ ਨਰਕ ਕੁੰਡ ਮਹਿ ਪਰਹਹਿ॥'

ਗੁਰਮਤ-ਫਲਸਫੇ ਦਾ ਆਧਾਰ-ਤੇ ਗੁਰਮਤ ਫਿਲਾਸਫੀ ਦਾ ਸਿਖਰ ਆਸਾ-ਮਾਰ ਪਰਮ-ਜੋਤ ਨਾਲ ਅਭੇਦਤਾ ਭਰਿਆ ਇਸ਼ਕ ਸੀ। ਤੇ ਪ੍ਰੇਮ ਦਾ ਆਮ ਤੌਰ ਤੇ ਜਿਸਮਾਨੀ ਨਹੀਂ ਬਲਕਿ ਆਤਮਿਕ ਰਿਸ਼ਤਾ ਹੁੰਦੈ। ਆਤਮਿਕ-ਰਿਸ਼ਤਾ ਤਾਂ ਹੀ ਸਿਖਰ ਤੇ ਅਪੜਦਾ ਹੈ ਜਦ ਆਤਮਾ ਤੇ ਆਸ਼ਕ ਅਭੇਦ ਹੋ ਜਾਣ ਤੇ ਆਤਮਾ ਪ੍ਰਮਾਤਮਾ ਦੀ ਸੁਹਾਗਣ ਹੋ ਜਾਵੇ। ਉਹ ਸੁਹਾਗਣ ਆਤਮਾ ਪਰਤਖ ਹਰੀ ਦਾ ਵਿਚਰਣ ਕਹੀ ਜਾ ਸਕਦੀ ਏ।

ਗੁਰੂ ਅੰਗਦ ਦੇਵ ਜੀ ਨੇ ਭਾਈ ਲਹਿਣਾ ਜੀ ਦੇ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਆਤਮਾ 'ਚ ਪਰਮਜੋਤ ਦਾ ਪ੍ਰਕਾਸ਼ ਤੱਕਿਆ ਤੇ ਉਹ ਪ੍ਰੇਮ ਦੀ ਖਿਚ ਵਿਚ ਬਾਵਰੇ ਹੋ ਗਏ। ਇਸੇ ਤਰਾਂ ਤੀਜੇ ਪਾਤਸ਼ਾਹ ਜੀ ਨੇ ਗੁਰੂ ਅੰਗਦ ਦੇਵ ਦੀ ਦੀ ਪ੍ਰਕਾਸ਼ਨ ਆਤਮਾਂ ਚੋਂ ਆਤਮਿਕ ਖੁਰਾਕ ਛੱਕੀ। ਤੇ ਸ਼ਾਇਦ ਗੁਰੂ ਰਾਮਦਾਸ ਜੀ ਨੇ ਗੁਰੂ ਅਮਰ ਦਾਸ ਜੀ ਦੀਆਂ ਅੰਤਰਗਤ ਸੇਵਾ-ਮਈ ਧਾਰਾਵਾਂ ਤੇ ਕਸਕਾਂ ਮਾਰਦੇ ਬਿਗੜੇ ਲੱਭੇ; ਸੁਹਾਗਣ ਬਨਣ ਲਈ ਤਰਲਿਆਂ ਤੇ ਜੋਦੜੀਆਂ ਦੀਆਂ ਮਹਿਕਾਂ ਲੱਭੀਆਂ ਤੇ ਉਹੀ ਜੋਤ ਜਦ ਗੁਰੂ ਰਾਮਦਾਸ ਜੀ ਦੇ ਅੰਤਰ ਆਤਮੇ ਉਪਸਥਿਤ ਹੋਈ ਤਾਂ ਗੁਰੂ ਅਰਜਨ 'ਬਾਣੀ ਕੇ ਬੋਹਿਥੇ' ਨੇ ਉਸ ਜਾਗਤ-ਜੋਤ ਦੇ ਪ੍ਰਕਾਸ਼ ਨੂੰ ਆਪਣੇ ਦਿਲ-ਸਾਗਰ 'ਚ ਘਰ ਕੀਤਾ। ਗੁਰੂ ਅਰਜਨ ਪਰਮ ਇਸ਼ਕ ਦੇ ਰੰਗਾਂ ਵਿਚ ਇਤਨਾ ਬਿਹਬਲ ਹੋ ਉਠਿਆ ਤੇ ਉਹਦੇ ਮੁਖੋਂ ਉਘੜੀ ਬਾਣੀ ਨੇ ਇਹੋ ਜਿਹੇ ਸਿਧਾਂਤਕ ਤੇ ਫਲਾਸਫ-ਤਮਿਕ ਰਹੱਸ ਅਲਾਮੇ ਜੁ ਰੰਗ ਰਤੀਆਂ ਰੂਹਾਂ ਖਾਸ ਕੱਰ ਭੱਟ-ਗੁਰੂ ਸਾਹਿਬ ਨੂੰ ਪਰਤੱਖ ਹਰੀ ਦਾ ਸਰੂਪ ਆਖਣੋਂ ਬਿਹਬਲ ਹੋ ਉਠੇ। ਉਹਨਾਂ ਦੀ ਅਨੁਭਵ ਤੇ ਉਜਾਗਰ-ਸ਼ਕਤੀ ਨੇ ਡੂੰਘਾਈਆਂ ਘੋਖ ਗੁਰੂ ਅਰਜਨ 'ਚ ਪਰਮ ਜੋਤ ਦਾ ਪਰਕਾਸ਼ ਲੱਭਿਆ। ਗੁਰੂ ਅਰਜਨ ਬਾਬਤ ਜੋ ਕੁਛ ਵੀ ਉਹਨਾਂ ਆਪਣੀਆਂ ਕਲਮਾਂ ਰਾਹੀਂ ਨਿਖਾਰਿਆ। ਉਹ ਨਿਰਾ ਕਲਪਨਾ ਦਾ ਹੀ ਸਾਮਵਾਦੀ ਨਹੀਂ ਸੀ ਬਲਕਿ ਉਹ ਸਭ ਸਥਾਰਥ ਤੇ ਦੇਖਾ ਹੀ ਪ੍ਰਵਾਨ ਸਿਧਾਂਤ ਦੇ ਅਨੁਕੂਲ ਸੀ। ਉਹ ਰੂਹਾਂ ਸਹਜ-ਰੂਪ 'ਚ ਗੁਰੂ ਅਰਜਨ ਦਾ ਰੂਪ ਦੇਖਦੇ ਸਾਰ ਹੀ ਬਿਹਬਲ ਹੋ ਉਠੀਆਂ । ਉਹਨਾਂ



www.AKJ.Org

ਗੁਰੂ-ਸਤਿਗੁਰੂ ਦੀ ਅੰਮ੍ਰਿਤ ਬਾਣੀ 'ਚ ਅੰਮ੍ਰਿਤ-ਜੋਤ ਪ੍ਰਮਾਤਮਾ ਦੇ ਅਕਾਲੀ-ਗੁਣ ਜਾਣ-ਤੇ ਗੁਣ ਤੇ ਗੁਣੀ ਚੂੰਕਿ ਅਭੇਦ ਹੁੰਦੇ ਨੇ ਤੇ ਅਕੱਥ-ਗੁਣ ਕਹਿਣ ਵਾਲਾ ਅਕੱਥ ਨਾਲ ਅਭੇਦ ਹੋ ਕੇ ਗੁਣ ਬਿਆਨਦਾ ਏ, ਸੋ ਉਹਨਾ ਦਾ ਕਹਿਣਾ "ਗੁਰੂ ਅਰਜਨ ਪ੍ਰਤੱਖ ਹਰਿ"-ਕੋਈ ਨਿਰੀ ਕਾਵਿ-ਧਾਗ ਜਾਂ ਦੁਨਿਆਵੀ ਵਿਲਖਤ ਨਹੀਂ ਸੀ, ਬਲਕਿ ਉਹਨਾਂ ਆਪਣੀ ਅਨੁਭਵ-ਸ਼ਕਤੀ ਵੱਸ ਹੋ ਜੋ ਕੁਛ ਲਿਖਿਆ ਉਹ ਸਭ ਕੁਛ ਨਿਰੋਲ ਸਚ ਤੇ ਜਾਗਤ ਜੋਤ ਨੂੰ ਵਡਿਆਉਂਦਾ ਏ।

ਇਹ ਅਸਲੀਅਤ ਏ ਕਿ ਸਾਰੇ ਗੁਰੂ ਸਾਹਿਬਾਨ ਆਪਣੇ ਅੰਤਰ ਵੱਸ ਰਹੇ ਜਾਗਤ ਜੋਤ ਦੀ ਹੀ ਪੂਜਾ ਕਰਾਂਦੇ ਰਹੇ। ਨਿਰੋਲ ਸਖਸ਼ੀ ਜਾਂ ਦੇਹ-ਪੂਜਾ ਜਦਕਿ ਪ੍ਰੀਤ ਹਿਰਦੇ 'ਚ ਲਪਟਾਂ ਨਾ ਮਾਰਦੀ ਹੋਵੇ ਉਹਨਾਂ ਉਪਦੇਸ਼ਾਂ ਦੇ ਅਨੁਕੂਲ ਭਰਮਾਂ, ਵਹਿਮਾਂ ਤੇ ਪਖੰਡਾਂ ਦੀ ਖਾਣ ਸੀ। ਗੁਰਮਤ ਫਲਸਫਾ "ਨਾਨਕ ਗੁਰ ਬਿਨ ਮਨ ਕਾ ਤਾਕ ਨਾ ਉਘੜੇ" ਤੇ ਆਧਾਰਤ ਸੀ। ਸਤਿਗੁਰੂ ਦੇ ਚਰਨਾਂ 'ਚ ਸੁਰਤੀ ਜੋੜ ਪਰਮ ਅਕਾਲ ਪੁਰਖ ਵਾਹਿਗੁਰੂ ਦੀ ਅਭਿਆਸ-ਖੇਡ ਦਿਨ ਰਾਤ ਚਲਾਉਣੀ ਸੀ। ਗੁਰਮਤ ਫਿਲਾਸਫੀ ਅਨੁਕੂਲ ਸਤਿਗੁਰੂ ਦੀ ਕ੍ਰਿਪਾ ਤੋਂ ਬਿਨਾ ਪਰਮਜੋਤ ਦੇ ਅਨੰਦ ਮਈ ਰਹਸ-ਭਰਪੂਰ ਲਿਸ਼ਕਾਰੇ ਨਹੀਂ ਮਾਣੇ ਜਾ ਸਕਦੇ ਤੇ ਜਗਤ-ਜੋਤ ਦਾ ਵਿਗਸਿਆ ਨੂਰ ਨਿਗੁਰੇ ਦੇ ਚਿਹਰੇ ਤੇ ਨਹੀਂ ਮਹਿਕ ਸਕਦਾ। ਇਸੇ ਫਲਸਫੇ ਦਾ ਆਧਾਰ ਗਹਿਰਾਈਆਂ 'ਚ ਜੇ ਨਿਖੋੜਿਆ ਜਾਵੇ ਤਾਂ ਸਾਡੀ ਆਤਮਾਂ 'ਚ ਕੋਈ ਵੀ ਅਜੇਹਾ ਸਹਸਾ ਜਾਂ ਭਰਮ ਨਹੀਂ ਰਹੇਗਾ ਜੋ ਕਿ ਭੱਟਾਂ ਦੀ ਲਿਖਤ ਸਤਿਗੁਰਾਂ ਦੀ ਜੋ ਉਸੱਤਤ ਏ ਅਸਲੀਅਤ 'ਚ ਸਤਿਗੁਰੂ ਦੇ ਅੰਤਰ ਆਤਮੇ ਵੱਸ ਰਹੇ ਜਾਗਤ ਜੋਤ ਦੀ ਉਸਤੱਤ ਏ ਤੇ ਸ਼ਾਇਦ ਕਿਸੇ ਗੁਣਾਂ ਦਾ ਨਿਚੋੜ ਜਾਣ ਪੰਜਵੇਂ ਪਾਤਸ਼ਾਹ ਜੀ ਨੇ ਇਹਨਾਂ ਲਿਖਤਾਂ ਗੁਰਮਤ ਵਾਦ ਦੇ ਮਹਾਨ ਸੰਗ੍ਰਿਹ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਯੋਗ ਥਾਂ ਦਿਤੀ। ਸਾਨੂੰ ਮੰਨਣਾ ਪਵੇਗਾ ਕਿ ਜਦ ਰੰਗ ਰਤੜੀਆਂ ਰੂਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਦੈਵੀ ਸਰੂਪ ਪਰਮ-ਜੋਤ ਦਾ ਪ੍ਰਕਾਸ਼ ਦੇਖਿਆ ਤਾਂ ਉਹਨਾਂ ਦਾ ਅੰਤਰਗਤ ਯਥਾਰਥ ਮਈ ਅਨੁਭਵ ਵੱਸ ਹੋ ਆਪਣੀਆਂ ਕਲਮਾਂ ਤੇ ਆਪਣੇ ਗਿਆਨ-ਇੰਦਰੇ ਬੇ ਵੱਸ ਕਰ, ਕਿਸੇ ਜਜ਼ਬਿਆਂ ਤੇ ਕਿਸੇ ਧਾਰਵਾਂ 'ਚ ਅਲਮਸਤ ਹੋ ਗਏ ਤੇ ਜਿਸਦਾ ਫਲ ਸਰੂਪ ਸਤਿਗੁਰੂ ਦੀ ਉਹਨਾਂ ਤੇ ਖੁਸ਼ੀ ਵੱਰੀ।

ਗੁਰੂ ਅਰਜਨ ਦੇਵ ਜੀ ਨੇ ਆਪਣੀ ਜ਼ਿੰਦਗੀ ਅਜੇਹੀ ਨਿਪੁੰਨਤਾ ਤੇ ਅਜੇਹੇ ਸਹਜ-ਮਈ ਗੁਣਮਤਿ ਕਸਵੱਟੀਆਂ ਅਨੁਕੂਲ ਗੁਜਾਰੀ ਤੇ ਅਜੇਹੇ ਫਲਸਫੇ ਤੇ ਸਿਧਾਂਤਾਂ ਨੂੰ ਜਨਮ ਦਿਤਾ ਜੋ ਨਿਰੇ ਭੱਟ ਹੀ ਨਹੀਂ ਬਲਕਿ ਹਰੇਕ ਗੁਰਮਿਖ 'ਗੁਰੂ ਅਰਜਨ' ਦਾ ਨਾਮ ਸੁਣ ਕੇ ਬਲਿਹਾਰ ਜਾਂਦਾ ਸੀ। ਇਹ ਗੁਰੂ ਸਾਹਿਬ ਦੇ ਦਰਸ਼ਨਾ ਦਾ ਖੁਸ਼ਬੋ-ਮਈ ਅਨੁਭਵ ਖਿਲਾਰਾ ਹਰ ਪਾਕ-ਸੀਨੇ ਅੰਦਰ ਧੜਕਦਾ ਸੀ। ਤੇ ਅਜੇਹੀ ਅਵਸਥਾ 'ਚ ਜਦ ਇਕ ਗੁਰਸਿਖ ਅਨਹਦ ਖੇੜਿਆਂ ਨਾਲ ਤਾਲ-ਮੇਲ ਜੋੜਦਾ ਸੀ ਤਾਂ ਸਤਿਗੁਰੂ ਜੋ ਉਸਦੀ ਹਰਦਮ ਬਾਂਹ ਫੜਦਾ ਸੀ, ਉਸਨੂੰ ਸਤਿਗੁਰੂ ਪਰਤਖ ਹਰੀ ਦਾ ਸਰੂਪ ਖਿਆਲ ਕਰਨ ਲਗ ਪੈਂਦਾ ਚੂੰਕਿ ਸਤਿਗੁਰੂ ਦੇ ਗੁਣ ਉਸਨੂੰ ਅਕਾਲ ਪੁਰਖ 'ਚ ਅਭੇਦ ਹੋਏ ਜਾਪਦੇ। ਗੁਰੂ ਗ੍ਰੰਥ ਸਾਹਿਬ ਆਤਮਾ-ਪ੍ਰਮਾਤਮਾ ਦੇ ਸੁਨਹਿਰੀ ਸੁਮੇਲ ਨੂੰ ਹੋਂਦ 'ਚ ਲਿਆਉਣਾ ਗੁਰੂ ਅਰਜਨ ਦੇਵ ਜੀ ਦਾ ਆਦਰਸ਼ਕ



www.AKJ.Org

ਤੇ ਰੂਹਾਂਨੀਅਤ ਕਮਾਲ ਸੀ। ਗੁਰੂ ਅਰਜਨ ਦੇਵ ਜੀ ਦਾ ਇਹ ਗੁਰਮਤ-ਨਿਰਣਾ ਸ਼ਾਇਦ ਉਹਨਾਂ ਨੂੰ ਧੁਰੋਂ ਫੁਰਮਾਨ ਸੀ ਤੇ ਪਰਮ ਅਕਾਲ ਨੇ ਆਪਣੇ ਗੁਣਾਂ ਦਾ ਸੰਗ੍ਰਿਹ ਆਪਣਾ ਹੀ ਰੂਪ ਗੁਰੂ ਅਰਜਨ ਨੂੰ ਦੇ ਕੇ ਉਹਨਾਂ ਪਾਸੋਂ ਇਹ ਜੁਗੋ ਜੁੱਗ ਅਟੱਲ ਰਹਿਣ ਵਾਲਾ ਸੰਗ੍ਰਿਹ ਤਿਆਰ ਕਰਵਾਇਆ।

ਗੁਰੂ ਅਰਜਨ ਦੇਵ ਜੀ ਦਾ ਬਚਪਨ ਕੀਲਿਆ ਗਿਆ ਜਦ ਉਸਨੇ ਅਨੁਭਵ ਕੀਤਾ ਕਿ ਉਹ ਸਤਿਗੁਰੂ- ਪਿਤਾ ਗੁਰੂ-ਰਾਮਦਾਸ ਜੀ 'ਚ ਉਹੀ ਜਾਗਤ-ਜੋਤ ਵਿਗਸ ਰਹੀ ਏ, ਜਿਸਦਾ ਪਰਤੱਖ ਰੂਪ ਗੁਰੂ ਨਾਨਕ ਸੀ। ਉਹਨਾਂ ਇਸੇ ਲਈ ਜ਼ਿੰਦਗੀ ਦੀਆਂ ਧਾਂਰਵਾਂ ਆਪਣੇ ਸਤਿਗੁਰੂ-ਪਿਤਾ ਦੇ ਇਤਨੇ ਨੇੜੇ ਰਖੀਆਂ ਜੁਕਿ ਉਹਤੇ ਲਈ ਇਕ ਮਿੰਟ ਦਾ ਵਿਛੋੜਾ ਅਸਿਹ ਹੋ ਗਿਆ। ਗੁਰੂ ਅਰਜਨ ਸਾਹਿਬ ਦਾ ਵਿਚਾਰ ਸੀ ਕਿ ਜੇ ਕਰ ਜਾਗਤ ਜੋਤ ਰੱਬੀ ਆਤਮਾ ਦੇ ਸਦੀਵ ਨੇੜ ਰਹਿ ਪਰੇਮ-ਭਗਤੀ ਦਾ ਅਭਿਆਸ ਕੀਤਾ ਜਾਏ ਤਾਂ ਹੀ ਮਨੁਖੀ-ਆਤਮਾਂ 'ਚ ਗੁਰਮਤ-ਸਿਧਾਂਤਿਕ ਵੇਗ ਵਿਕਾਸ ਸਕਦੇ। ਸੋ ਅਜੇਹਾ ਉਹਨਾਂ ਸੁਮੇਲ ਆਪਣੀ ਜ਼ਿੰਦਗੀ ਦੀਆਂ ਧਾਰਵਾਂ ਨਾਲ ਕਾਇਮ ਕੀਤਾ ਜੁ ਉਹਨਾਂ ਲਈ ਪੂਜਯ ਸਤਿਗੁਰੂ—ਪਿਤਾ ਦਾ ਮਾਮੂਲੀ ਵਿਛੋੜਾ ਵੀ ਅਸਿਹ ਸੀ। ਉਹਨਾਂ ਦਾ ਸ਼ਾਂਤ ਤੇ ਅਡੋਲ ਹਿਰਦਾ ਖੁਦ ਗਰਜ ਪੁਣਾ ਤਿਆਗ ਪਿਤਾ—ਪ੍ਰੀਤਮ ਦੇ ਚਰਨਾ ਦੀ ਧੂੜ ਆਪਣੇ ਨੇਤ੍ਰਾਂ ਦੀ ਪਲਕਾਂ ਤੇ ਲਾਣ ਲਈ ਲੋਚਵਾਨ ਰਹਿੰਦਾ ਸੀ। ਉਹਨਾਂ ਨੂੰ ਅਜੇਹੀ ਤ੍ਰਿਪਤੀ ਦੀ ਖਾਹਿਸ਼ ਸੀ ਜਿਵੇਂ ਪਪੀਹਾ ਸ੍ਵਾਂਤਿ-ਬੂੰਦ ਨਾਲ ਤ੍ਰਿਪਤ-ਹੁੰਦੇ। ਸੋ ਅਜੇਹੀ ਸਿਧਾਂਤਿਕ ਫਿਲਾਸਫੀ ਦੇ ਅਨੁਕੂਲ ਗੁਰੂ ਰਾਮਦਾਸ ਜੀ ਪਾਸੋਂ ਨਿਖੜਨਾ ਗੁਰੂ ਅਰਜਨ ਦੇਵ ਜੀ ਕਿਸੇ ਵੀ ਹਾਲਤ 'ਚ ਬਰਦਾਸ਼ਤ ਨਹੀਂ ਸਨ ਕਰ ਸਕਦੇ।

ਗੁਰਮਤ ਫਿਲਾਸਫੀ ਦਾ ਸਿਮਰ ਪਿਤਾ-ਪ੍ਰੀਤਮ ਅਕਾਲ ਪੁਰਖ ਵਾਹਿਗੁਰੂ ਨਾਲ ਸਤਿਗੁਰੂ ਰਾਹੀਂ ਅਭੇਦ ਹੋ ਖੁਦਗਰਜ਼ੀ-ਰਹਿਤ ਇਸ਼ਕ ਏ ਤੇ ਅਜੇਹਾ ਇਸ਼ਕ ਉਹਨਾਂ ਰੰਗੀਆਂ ਹੋਈਆਂ ਆਤਮਾਵਾਂ ਵਿਚ ਹੀ ਵਿਗਸਦ ਜੋ ਸਦੀਵ ਦਮਬਦਮ ਆਪਣੇ ਰਚਨਹਾਰ ਚੇਤੇ ਕਰਾਣ ਵਾਲੇ ਸਤਿਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਉਹਦੇ ਦਰਸਾਏ ਸਿਧਾਂਤ ਤੇ ਫਲਸਫੇ ਸਤਿ ਸਤਿ ਕਰ ਮੰਨਦੇ ਨੇ :

'ਸਤਿਗੁਰ ਕੀ ਬਾਣੀ ਸਤਿਸਤਿ ਕਰੁ ਜਾਣਹੁ,
ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ' ॥

ਤੇ ਠੀਕ ਏ ਜੋ ਜੋ ਸਤਿਗੁਰੂ ਦਾ ਸਿਧਾਂਤ ਤੇ ਫਿਲਾਸਫੀ ਸੱਤ ਏ ਤਾਂ ਇਹ ਮੁੜ ਓਸੇ ਓਅੰਕਾਰ ਦਾ ਪ੍ਰਗਟਾਅ ਏ ਜਿਨ੍ਹਾਂ ਗੁਰਮਤ ਸਿਧਾਂਤਾ ਨੂੰ ਕੋਈ ਗਲਤ ਨਹੀਂ ਦਰਸਾ ਸਕਦਾ ਤਾਂ ਫਿਰ ਉਹ ਗੁਰਬਾਣੀ ਜਿਨ੍ਹਾਂ ਸਤਿਵਾਦੀ ਹੰਸਾਂ ਨੇ ਰੱਚੀ-ਅਸਲੀਅਤ ਵਜੋ ਇਹ ਸਭ ਗੁਰਮਤ ਬਾਰੇ ਉਹਨਾਂ ਗੁਣੀ ਅਰਥਾਤ ਇਕ-ਅਕਾਲ ਨਾਲ ਅਭੇਦ ਹੋ ਕੀਤੇ ਜਿਹਾ ਕਿ ਉਪਰਲਾ ਗੁਰਵਾਕ ਸਪਸ਼ਟ ਏ। ਉਹਨਾਂ ਅਗਾਂਹ-ਵਧੂ ਸਥਿਰਤਾ ਦੇ ਧਾਰਣੀ ਏ ਅਜੇਹੀਆਂ ਨਵੀਨ ਸਮਸਿਆਵਾਂ ਨੂੰ ਜਨਮ ਦਿੰਦੇ ਰਹੇ ਜੋ ਤਨ ਮਨ ਨੂਰ ਦੇ ਨੂਰ 'ਚ ਗਲਤਾਨ ਕਰ ਦਿੰਦੇ ਸਨ ਤੇ ਅਗੋੜ ਹਿਰਦੇ ਦਾ ਮੱਨ-ਤੱਨ ਵੀ ਇਸ ਅੰਮ੍ਰਿਤ-ਬਾਣੀ ਨੂੰ ਪੜ ਕੇ ਕਿਸੇ ਦੇ ਸਥਾਈ-ਇਸ਼ਕ ਵਿਚ ਮਸਤ ਅਲਮਸਤ ਹੋ ਜਾਂਦਾ ਸੀ।



www.AKJ.Org

ਸਿਖ ਫਿਲਾਸਫੀ ਆਦਿ ਫਿਲਾਸਫੀ ਏ। ਹਾਂ ਗੁਰੂ ਸਾਹਿਬਾਨ ਜੀ ਨੇ ਆਦਿ ਫਿਲਾਸਫੀ ਦੀ ਯੋਗ ਸੁਧਾਈ ਕਰਕੇ ਜੋ ਜੋ ਸਮੇਂ ਸਮੇਂ ਅਨੁਸਾਰ ਤ੍ਰੁਟੀਆਂ ਤੇ ਭੰਬਲਭੂਸੇ ਇਸ ਫਿਲਾਸਫੀ 'ਚ ਉਘੜੇ ਸਨ, ਸਭਨਾਂ ਨੂੰ ਨਿਤਾਰਿਆ ਤੇ ਅਜੇਹੀਆਂ ਉਧੇੜ ਬੁਣਾ ਦੇ ਉਤਾਰ ਚੜ੍ਹਾਅ ਵਿਚ ਸਮਾਨ ਤੋਲ ਲਿਆ ਕੇ ਉਹਨਾਂ ਆਦਿ-ਫਿਲਾਸਫੀ ਦਾ ਮੁੜ ਪੁਨਰ-ਗਠਨ ਕੀਤਾ। 'ਸ਼ਬਦੁ ਗੁਰੂ ਪੀਰਾ' ਤੇ 'ਕੀਰਤਨ ਨਿਰਮੋਲਕ ਹੀਰਾ' ਜਿਹੀਆਂ ਲੀਹਾਂ ਮੁੜ ਸਥਾਈ ਤੌਰ ਤੇ ਅਸਥਾਪਨ ਕੀਤੀਆਂ ਗਈਆਂ। ਮਾਨਸਿਕ-ਲੀਹਾਂ ਦੇ ਰਿਸ਼ਤੇ ਆਤਮਕ-ਤੰਗਣਾਂ ਨਾਲ ਮੁੜ ਨਿਤਾਰੇ ਗਏ। ਕੀਰਤਨ ਦੀ ਸ਼ਾਂਤ ਬੂੰਦ ਮੁੜ ਤਪਦੇ ਹਿਰਦੇ ਠਾਰਨ ਲੱਗੀ। ਲੋਕਾਂ ਦਾ ਪਿਛਾਂਹ ਖਿਚੂ ਉਖੇੜ ਮੁੜ ਏਕਤਾ ਦੇ ਹਾਵ ਭਾਵ ਲੰਗਰ ਛਕ ਕੇ ਵੇਖਣ ਲੱਗਾ। ਕੀਰਤਨ ਉਸ ਹਰੀ ਦੇ ਰੂਪ ਗੁਰੂ ਅਰਜਨ ਦੇਵ ਜੀ ਨੇ ਸਾਰੇ ਕਰਮ-ਕਾਂਡਾ ਤੇ ਵਿਖਾਵੇ ਦੇ ਪੂਜਾ ਪਾਠਾਂ ਤੋਂ ਉਤਾਂਹ ਗਿਣਿਆਂ। ਉਹਨਾਂ 'ਕਲ ਮਹਿ ਕੀਰਤ ਹਰਿ ਨਾਮਾ' ਦਾ ਸਿਧਾਂਤ ਪਰਚਾਰਦੇ ਹੋਏ ਇਹ ਸਫਾਈ ਮਨੁਖਤਾ ਦੀ ਦ੍ਰਿਸ਼ਟੀ ਗੋਚਰ 'ਚ ਲਿਆ ਦਿਤੀ ਜੋ ਕਿ ਕੀਰਤਨ ਦੀ ਸਿਖਰ ਤੇ ਕੀਰਤਨ ਦਾ ਮੂਲ ਅਨਹਦ ਫਿਲਾਸਫੀ ਅਰਥਾਤ ਵਾਹੁ-ਵਾਹੁ ਦਾ ਅਨੰਤ ਅਭਿਆਸ ਏ ਸੁਰਤੀ ਨੂੰ ਏਕ-ਰੂਪ ਨਾਲ ਜੋੜ ਅਜੇਹੇ ਕੀਰਤਨ ਦਾ ਫ਼ਿਨਸ਼ਨ ਜੋ ਰੋਮ ਰੋਮ ਚੋਂ ਵਾਹੁ-ਵਾਹੁ ਅੰਮ੍ਰਿਤ-ਸਿੰਜਾਵੇ। ਨੱਚਣ ਟਪਣ ਜਾਂ ਘੁੰਗਰਾਂ ਪਾਣ ਨਾਲ ਕੀਰਤਨ ਦੀ ਅਨਹਦ ਸਿਖਰ ਨਹੀਂ ਪ੍ਰਾਪਤ ਕੀਤੀ ਜਾ ਸਕਦੀ :

'ਰਾਗੁ ਨਾਦੁ ਨਹੀ ਦੂਜਾ ਭਾਉ ।
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ।
(ਆਸਾ ਮਹਲਾ ੧)

ਸਿਖ ਸਭਾ ਦੀਖਿਆ ਕਾ ਭਾਉ ।
ਗੁਰਮੁਖਿ ਸੁਣਣਾ ਸਾਚਾ ਨਾਉ ।
ਨਾਨਕ ਆਖਣੁ ਵੇਰਾ ਵੇਰ ।
ਇਤੁ ਰੰਗਿ ਨਾਚਹੁ ਰਖਿ ਰਖਿ ਪੈਰ ।੪।
ਆਸਾ ਮਹਲਾ ੧)

ਮਾਇਆ ਕੈ ਅਰਥਿ ਬਹੁਤ ਲੋਕ ਨਾਚੈ
ਕੋ ਵਿਰਲਾ ਤਤ ਵਿਚਾਰੀ'
'ਗੁਰਪਰਸਾਦੀ ਸੋਈ ਜਨ ਪਾਏ
ਜਿਨ ਕਉ ਕ੍ਰਿਪਾ ਤੁਮਾਰੀ
(ਗੂਜਰੀ ਮਹਲਾ ੩ ਘਰ ੧)

ਅਨਹਦ ਦੇ ਖਿਲਾੜੀ ਬਣਨ ਨਾਲ ਅਨਹਦ-ਰੂਪ ਹੋ ਜਾਈਦਾ ਏ। ਇਹ ਸੀ ਆਦਿ-ਫਿਲਾਸਫੀ ਦਾ ਮੂਲ-ਸਿਧਾਂਤ। ਗੁਰੂ ਅਰਜਨ ਦੇਵ ਜੀ ਦੀ ਸੁਰਤੀ ਤੇ ਉਹਨਾਂ ਦਾ ਵਿਲਖਣ-ਹਿਰਦਾ ਅਨਹਦ ਖੇਡਾਂ ਖੇਡਦਾ ਸੀ। ਉਹ ਸਦੀਵ ਜ਼ਿੰਦਗੀ ਦਾ ਸੁਹਿਰਦ ਖਾਜਾ, ਪਹਿਰਣ ਤੇ ਪਾਟ ਪਟੰਬਰ ਹਰਿਨਾਮੁ ਨੂੰ ਸਮਝ ਉਸੇ ਨੂੰ ਹੀ ਤਰਜੀਹ ਦਿੰਦੇ ਸਨ। ਉਹਨਾਂ ਪਰਮ-ਇਸ਼ਕ ਦੇ ਜਲਵੇ ਨੂੰ ਆਪਣੀ ਅਨੁਭਵ-ਸ਼ਕਤੀ ਦੁਆਰਾ ਮਹਿਸੂਸਿਆ ਤੇ ਇਸ ਜਲਵੇ ਨੂੰ ਐਸੇ ਰੂਪ ਨਾਲ ਨਿਖੇੜਿਆ ਜੁ ਹਰੀ ਦੀ ਜਾਗਤ-ਜੋਤ ਸਾਹਮਣੇ ਤੇ ਉਸ ਓਅੰਕਾਰ ਦੀਆਂ ਰੰਗੀਆਂ ਹੋਈਆਂ ਆਤਮਾਵਾਂ ਦੇ ਸਾਹਮਣੇ ਜ਼ਾਤ-ਪਾਤ ਦਾ ਰਾਣਾ ਰੰਕ ਦਾ ਭੇਦ ਭਾਵ ਅਦਿਖ ਹੁੰਦਾ ਸੀ। ਗੁਰੂ ਸਾਹਿਬ ਜੀ ਨਿੱਤ ਹਰਪੱਲ ਪ੍ਰੀਤਮ ਦੇ ਰੰਗਾਂ ਵਿਚ ਗਲਤਾਨ ਸਹਜ ਜੋਗ ਕਮਾ ਹਰੀ-ਰੂਪ ਬਣ ਵਿਚਰਦੇ ਸਨ। ਲੋਕਾਈ ਉਹਨਾਂ ਦੇ ਦਰਸ਼ਨਾਂ ਲਈ ਬੇਹਦ ਲੋਚਵਾਨ ਰਹਿੰਦੀ ਸੀ। ਉਹਨਾਂ ਦੀ ਜ਼ਿੰਦਗੀ ਗਹਿਰਾਈਆਂ ਦੀ ਉਪੇਖਿਆ ਸੀ। ਉਹਨਾਂ ਪ੍ਰੀਤਮ ਦੀ ਮਿਲਾਪ-ਭਰੀ ਸਿਕ 'ਚ ਹੀ ਬੇਹਦ-ਉਤਾਵਲਾਪਣ ਮਹਿਸੂਸ ਕੀਤਾ। ਉਹ ਪ੍ਰੀਤਮ ਪ੍ਰਾਨ-ਪਿਆਰੇ ਦੇ ਰੰਗਾਂ 'ਚ ਮਸਤ ਅਲਮਸਤ ਹੋ ਉਸ ਕੰਤ ਨੂੰ ਮਿਲਣ ਲਈ ਤਰਲੇ, ਬਿਰਹੜੀਆਂ ਤੇ ਅਨਹਦ-ਫਿਲਾਸਫੀ ਦੀ ਟੇਕ ਲੈਂਦੇ ਸਨ। ਸੁਰਤੀ ਉਹਨਾਂ ਦੀ ਅਜੇਹੇ ਇਸ਼ਕ 'ਚ ਨਚਦੀ ਸੀ ਜੁ ਸ਼ਾਇਦ ਇਸੇ ਕਾਰਨ ਉਹਨਾਂ ਦੇ ਰੰਗ-ਰਤੜੀਆਂ ਰੂਹਾਂ ਜੋ ਉਹਨਾਂ ਰਾਹੀਂ ਹੀ ਨਿਵਾਜੀਆਂ ਗਈਆਂ ਗੁਰੂ ਅਰਜਨ ਦੇਵ ਜੀ ਦੀ ਆਤਮਾਂ ਨੂੰ ਪਰੱਤਖ



www.AKJ.Org

ਹਰੀ ਦਾ ਸਰੂਪ ਕਹਿਣੋਂ ਆਵਾਜਾਰ ਹੋ ਉਠੀਆਂ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕੋਈ ਆਤਮਿਕ ਜਾਂ ਸਦੀਵ ਸ਼ਹੀਦੀ ਨਹੀਂ ਸੀ। ਉਹ ਜਿਸਮਾਨੀ ਤੌਰ ਤੇ ਗੁਰੂ ਅਰਜਨ ਸਨ ਪਰ ਆਤਮਿਕ ਤੌਰ ਤੇ ਉਹਨਾਂ ਦਾ ਵਿਚਰਣ ਪਰਤਖ ਹਰੀ ਦਾ ਵਿਲਸ਼ੇਸ਼ਨ ਸੀ। ਉਹਨਾਂ ਦਾ ਅੰਤਰੀਵ ਮਾਦਾ ਉਸ ਹਰੀ ਦੇ ਲਛਣਾਂ ਨੂੰ ਬਿਆਨਦਾ ਸੀ ਜੋ ਸਰਬ-ਵਿਆਪਕ ਏ ਤੇ ਆਦਿ ਜੁਗਾਦ ਤੋਂ ਸਚਾਈ-ਰੂਪ ਬਨ ਮਹਿਕ ਰਿਹਾ ਏ।। ਉਹ ਅਜੂਨੀ ਏ ਤੇ ਜਨਮਾਂ ਮਰਨਾਂ ਦੇ ਗੇੜਿਆਂ ਤੋਂ ਇਕ ਪਾਸੇ ਵੇ। ਗੁਰਮਤ ਫਿਲਾਸਫੀ ਅਨੁਕੂਲ ਗੁਰੂ ਅਰਜਨ ਸਾਹਿਬ ਜੀ ਦੀ ਆਤਮਾ ਅਕਾਲ ਪੁਰਖ ਦਾ ਸਾਖਿਆਤ ਰੂਪ ਸੀ। ਜਿਸਮ ਗੁਰੂ ਸਾਹਿਬ ਦਾ ਭਾਵੇਂ ਕਸ਼ਟ ਸਹਿ ਰਿਹਾ ਸੀ ਮਗਰ ਉਹਨਾਂ ਦੀ ਆਤਮਾਂ ਹਰਖ, ਸੋਗ ਜਾਂ ਖੁਸ਼ੀ ਤੇ ਖੇੜਿਆਂ ਨੂੰ ਇਕ ਪਧਰ ਤੇ ਉਲੀਕਦੀ ਸੀ। ਇਸ ਵਿਚ ਕੋਈ ਸ਼ਕ ਨਹੀਂ ਜੋ ਮੀਆਂ ਮੀਰ ਜੀ ਨੇ ਜਦ ਗੁਰੂ ਸਾਹਿਬ ਦੇ ਜਿਸਮ ਦੀ ਹਾਲਤ ਦੇਖੀ ਉਸ ਵਾਸਤੇ ਇਹ ਸਭ ਕੁਛ ਅਸਿਹ ਸੀ ਪਰ ਜਦ ਗੁਰੂ ਸਾਹਿਬ ਜੀ ਦਾ ਆਤਮਿਕ ਸਮਪਰਣ ਜਦ ਉਹਦੇ ਦ੍ਰਿਸ਼ਟੀ ਗੋਚਰ ਥਾਣੀ ਲੰਘਿਆ ਤਾਂ ਉਹ ਸਰੀਰ ਤੇ ਆਤਮਾ ਦਾ ਭੇਦ ਸਮਝ ਸਕਿਆ ਤੇ ਉਹ ਵਿਗਸ ਉਠਿਆ ਪ੍ਰੀਤਮ ਦੇ ਰੰਗਾਂ ਨੂੰ ਤੱਕ ਤੱਕ। ਗੁਰੂ ਸਾਹਿਬ ਨੇ ਆਪਣੇ ਉਸ ਭਗਤ ਨੂੰ ਜਦ ਆਪਣੀ ਆਤਮਾ ਦਾ ਅੰਤਰੀਵ ਸ਼ੀਮਾ ਭਾਵ ਜਾਗਤ ਜੋਤ ਦਾ ਪ੍ਰਕਾਸ਼ ਦਿਖਾਇਆ ਜੋ ਅਭਿਆਸ ਦੇ ਰੰਗਾਂ ਨਾਲ ਮੱਤਾ ਹੋਇਆ ਲਗਭਗ ਪਰਮ-ਜੋਤ ਦਾ ਹੀ ਰੂਪ ਸੀ ਤਾਂ ਉਹ ਨਿਹਾਲੋ ਨਿਹਾਲ ਹੋ ਉਠਿਆ। ਉਹਨੇ ਇਹਨਾਂ ਹੀ ਹਾਲਤਾਂ 'ਚ ਗੁਰੂ ਸਾਹਿਬ ਦੇ ਜਿਸਮ ਦੇ ਦੁਖੜੇ ਭੁੱਲ ਗੁਰੂ ਸਾਹਿਬ ਦੇ ਦਸੇ ਉਪਦੇਸ਼ 'ਤੇਰਾ ਭਾਣਾ ਮੀਠਾ ਲਾਗੈ' ਜਿਹੀਆਂ ਧਾਰਾਵਾਂ ਨੂੰ ਜ਼ਿੰਦਗੀ ਦੀਆਂ ਉਲੀਕਣਾਂ 'ਚ ਸਮੋਇਆ।

ਇਸੇ ਉਪਰੋਕਤ ਫਲਸਫੇ ਦਾ ਸਪਸ਼ਟੀਕਰਣ ਸਾਨੂੰ ਭਾਈ ਸਾਹਿਬ ਦੇ ਇਹਨਾਂ ਲਫਜ਼ਾਂ 'ਚੋਂ ਮਿਲੇਗਾ:

'ਗੁਰੂ ਸਾਹਿਬ ਸਚੇ ਪਾਤਸ਼ਾਹ ਤਾਂ ਅੱਗੇ ਹੀ ਇਸ ਕੂੜਾਵੇ ਸਰੀਰ ਦਾ ਠੀਕਰਾ ਕੂੜਾਵੀ, ਦੁਨਿਆਵੀ ਹਵੱਸ਼ ਅਤੇ ਤਮ੍ਹਾਂ ਉਪਰ ਭੰਨ ਦੇਣਾ ਚਾਹੁੰਦੇ ਸਨ ਤੇ ਸੁਖਮਨੀ ਸਾਹਿਬ ਦੀ ਸਚੀ ਬਾਣੀ 'ਚ ਬ੍ਰਹਮ ਗਿਆਨੀ ਦੇ ਲਛਣਾਂ ਦੀ ਪਰਖ ਬਦਲੇ ਇਹ ਸੱਚੀ ਕੁਰਬਾਨੀ ਦੇਣਾ ਚਾਹੁੰਦੇ ਸਨ ਜੋ ਪ੍ਰਮਾਰਥੀ ਪੁਰਸ਼ਾਂ ਲਈ ਤੁਛੱ ਮਾਤਰ ਹੁੰਦੀ ਏ। ਦੁਨਿਆਵੀ ਤਮ੍ਹਾਂ ਵਾਲਾ ਹਰ ਇਨਸਾਨ ਇਹ ਸਚੀ ਕੁਰਬਾਨੀ ਨਹੀਂ ਦੇ ਸਕਦਾ ਜਦ ਕਿ ਉਹਦੇ ਰੋਮ ਰੋਮ ਅੰਦਰ ਸਚੀ ਸ਼ਹੀਦੀ ਸਪਰਿਟ ਨਾ ਸਮਾਈ ਹੋਵੇ......ਗੁਰੂ ਸਾਹਿਬ ਜੀ ਨੇ ਆਪਣੇ ਸੁਆਰਥੀ ਕਿਸੇ ਮਤਲਬ ਖਾਤਰ ਜਾਂ ਕੂੜਾਵੇ ਤਨ ਦੀ ਰਖਿਆ ਖਾਤਰ ਇਹ ਧਾਰਨਾ ਨਹੀਂ ਧਾਰੀ ਅਤੇ ਗੁਰੂ ਦਰਸਾਏ ਗੁਰ ਵਾਕਾਂ ਉਹ ਪਰਬਤ ਦੀ ਨਿਆਈਂ ਅਟੱਲ ਰਹੇ....।'

(ਗੁਰਮਤ ਪ੍ਰਕਾਸ਼ – ਸਫਾ ੧੧੨-੧੧੩)

ਖਾਲਸਾ ਚੂੰਕਿ ਅਕਾਲ ਪੁਰਖ ਦੀ ਫੌਜ ਤੇ ਉਹਦਾ ਹੀ ਮੂਲ ਰੂਪ ਏ ਤੇ ਜੋ ਜੋ ਦੀ ਗੁੜਤੀਆਂ ਪ੍ਰੇਰਨਾਵਾਂ, ਤੇ ਹੁਕਮ ਸਥਾਪਤ ਕੀਤੇ ਗਏ, ਸਭ ਧੁਰ ਦਰਗਾਹੋਂ ਵਰਸਿਆ ਵਿਚਰਣ ਸੀ। ਸ਼ਹੀਦੀ ਦੀ ਮੂਲ ਗੁੜਤੀ ਜੋ ਗੁਰੂ ਅਰਜਨ ਦੇਵ ਜੀ ਪਾਸੋਂ ਪਰਮ ਅਕਾਲ ਨੇ ਗੁਰੂ ਖਾਲਸੇ ਨੂੰ ਦਿਵਾਈ, ਅਰਥਾਤ ਸਾਨੂੰ ਯਕੀਨ ਕਰਨਾ ਪਵੇਗਾ ਜੋ ਅਕਾਲ ਪੁਰਖ ਵਾਹਿਗੁਰੂ ਨੇ ਆਪ ਗੁਰੂ ਅਰਜਨ ਦੇਵ ਜੀ ਦਾ ਰੂਪ ਹੋ ਕੇ ਅਜੇਹੀ ਬੁਨਿਆਦ ਤੇ ਅਜੇਹਾ ਸਿਧਾਂਤਿਕ ਫਲਸਫਾ ਜਨਮਿਆ।

ਅਰਥਾਤ ਗੁਰੂ ਸਾਹਿਬ ਦੀ ਸ਼ਹੀਦੀ ਦਾ ਮੰਤਵ ਇਕ ਅਜੇਹੇ ਸਿਧਾਂਤ ਜਾਂ ਫਲਸਫੇ ਨੂੰ ਜਨਮ ਦੇਣਾ ਸੀ ਜੋ ਪਰਮ-ਜੋਤ ਦਾ ਬੁਨਿਆਦੀ ਵਿਸ਼ੇਸ਼ਕਰਣ ਸੀ। ਮਨੁਖਤਾ ਇਹਨਾਂ ਲੀਹਾਂ ਤੇ ਚੱਲ ਜਦ ਅਨਹਦ-ਫਿਲਾਸਫੀ ਦੀ ਧਾਰਣੀ ਬਣੀ ਅਰਥਾਤ ਜਦ ਬਿਖਮ



www.AKJ.Org

ਅਖਾੜਾ ਹੋਂਦ 'ਚ ਆਇਆ ਤਾਂ ਬਿਰਹੜੇ ਪ੍ਰੀਤ ਪਿਆਰ ਦੇ ਰੰਗ ਤੇ ਸਤਿਗੁਰੂ ਪ੍ਰਤੀ ਨੇਹੁ-ਖੁਮਾਰੀਆਂ ਉਹਨਾਂ ਦੇ ਸੀਨਿਆਂ 'ਚ ਸਿਤੜ ਮਈ ਹੋ ਵਿਕਸ ਪਈਆਂ ਮਗਰ ਇਸ ਸਭ ਕਾਸੇ ਦੀ ਬੁਨਿਆਦ ਗੁਰੂ ਅਰਜਨ ਸਾਹਿਬ ਦੇ ਹਿਰਦੇ 'ਚ ਵਸ ਰਿਹਾ ਆਤਮਿਕ ਜੋਤ-ਵਿਗਾਸ ਅਰਥਾਤ ਪਰਮ-ਅਕਾਲ ਪੁਰਖ ਦੀ ਨਿਰੰਤਰ ਜੋਤ ਸੀ ਜੋ ਸਤਿਗੁਰੂ ਦੇ ਸੀਨੇ-ਬਸੀਨੇ ਜਗਦੀ ਰਹੀ। ਭਗਤ ਸਦਾ ਲਈ ਉਹਦੇ ਦਰ ਤੋਂ ਦਾਤਾਂ ਲੈ ਖਿੜਦੇ ਰਹੇ। ਤੇ ਉਹੀ ਪਰਮ-ਜੋਤ ਭਗਤਾਂ ਨੂੰ ਸਮੇਂ ਸਮੇਂ ਆਪਣਾ ਰੂਪ ਦਿੰਦੀ ਰਹੀ ਏ।

ਸੋ ਸਪਸ਼ਟ ਏ ਗੁਰਮਤ, ਗੁਰਬਾਣੀ ਤੇ ਅਨਹਦ ਓਸੇ ਬੁਨਿਆਦੀ ਵਿਸ਼ੇਸ਼ ਕਰਣ ਦਾ ਨਿਖੇੜ ਨੇ ਜੋ ਕਿ ਗੁਰੂ ਅਰਜਨ ਦੇ ਹਿਰਦੇ 'ਚ ਤੁਮਕੇ ਤੇ ਜਿਸ ਫਲਸਫੇ ਨੇ ਗੁਰੂ ਨਾਨਕ ਤੋਂ ਲੈਕੇ ਗੁਰੂ ਗ੍ਰੰਥ ਸਾਹਿਬ ਤਕ ਆਪਣਾ ਰੂਪ ਦਿਤਾ ਤੇ ਆਪਣੇ ਹੀ ਗੁਣ ਸ਼ਬਦ-ਗੁਰੂ 'ਚ ਸਮੋਏ ਤੇ ਇਹ ਵਰਨਣ, ਇਹ ਫਲਸਫਾ ਤੇ ਇਹ ਅਧਿਐਨ ਸਾਨੂੰ ਮੰਨਣਾ ਪਵੇਗਾ ਜੋ ਗੁਰੂ ਅਰਜਨ ਦੇਵ ਜੀ ਜਿਸਮਾਨੀ ਤੌਰ ਤੇ ਉਹ ਗੁਰੂ ਅਰਜਨ ਸੀ ਮਗਰ ਆਤਮਿਕ-ਸ਼ਕਤੀ ਜਾਂ ਅਧਿਆਤਮਕ ਨਿਪੁੰਨਤਾ 'ਚ ਉਹ ਹਰੀ ਦਾ ਪਰਤੱਖ ਰੂਪ ਸੀ। ਅਰਥਾਤ ਸਰਬ ਵਿਆਪਕ ਹਰੀ ਉਹਨਾਂ ਦੇ ਅਲਮਸਤ ਹਿਰਦਿਆਂ ਦੇ ਰੋਮ ਰੋਮ 'ਚ ਖਿੜਦਾ ਸੀ।

ਕੀਰਤਨ ਦੀਆਂ ਲਪਟਾਂ ਗੁਰੂ ਅਰਜਨ ਦੇਵ ਜੀ ਨੇ ਖਿਲਾਰੀਆਂ। ਕੀਰਤਨ 'ਚ ਉਹਨਾਂ ਨੇ ਅਜੇਹੇ ਸਾਜ ਤੇ ਤਾਲ ਪੂਰੇ, ਜੋ ਉਹਨਾਂ ਦਾ ਸਿਧਾਂਤਿਕ ਮੂਲ ਸਮੁਚੀ ਅਨਹਦ- ਫਿਲਾਸਫੀ ਨੂੰ ਸਮੇਟਣਾ ਸੀ। ਸਤ ਤੇ ਸੰਤੋਖ ਦੇ ਤਾਲ, ਸਦੀਵ ਘੋੜਿਆਂ ਦੇ ਛੈਣੇ ਤੇ ਦੁਨਿਆਵੀ ਝਮੇਲਿਆਂ 'ਚ ਕੰਵਲ ਵਾਂਗ ਨਿਕਾਸ ਇਹ ਸਮੁਚਾ ਨਾਚ-ਤਾਲ ਤੇ ਰਾਗ ਅਤੇ ਅਧਿਆਤ-ਮਿਕ ਫਲਸਫਾ ਸੀ ਤੇ ਕੂੜਾਵੇ ਨਾਚ, ਗਿਧੇ ਜਾਂ ਪਖੰਡ ਵਾਦ ਨੂੰ ਘਧੇਲਿਆ ਗਿਆ ਤੇ ਉਸਦੀ ਥਾਵੇਂ ਸਰਲ ਤੇ ਸਾਦੀ ਸਪਸ਼ਟ ਜ਼ਿੰਦਗੀ ਨੂੰ ਤਰਜੀਹ ਦਿਤੀ ਗਈ। ਇਹ ਅਧਿਆਤਮਕ ਫਿਲਾਸਫੀ-ਨਵੀਨ ਤੇ ਉਚਤਮ ਫਿਲਾਸਫੀ-ਇਕ ਮਾਮੂਲੀ ਸ਼ਖਸ਼ੀਅਤ ਮਨੁਖਤਾ ਸਾਹਮਣੇ ਨਹੀਂ ਸੀ ਰਖ ਸਕਦੀ ਅਰਥਾਤ ਗੁਰੂ ਸਾਹਿਬਾਨ ਜੀ ਦੀਆਂ ਕਰਨੀਆਂ, ਘਾਲਾਂ ਤੇ ਕੌਤਕ ਜੋ ਸਾਡੀ ਸਮਝੋਂ ਬਹਾਰ ਨੇ। ਤੇ ਨਿਚੋੜ ਵਜੋਂ ਸਾਨੂੰ ਮੰਨਣਾ ਪਵੇਗਾ ਜੋ ਗੁਰੂ ਅਰਜਨ ਜਿਸਨੇ ਜਾਗਤ ਜੋਤ ਪਹਿਲੇ ਚੋਹਾਂ ਗੁਰੂਆਂ ਚੋਂ ਲੱਭੀ ਆਪ ਵੀ ਹਰੀ ਦਾ ਪਰਤਖ ਰੂਪ ਸੀ ਤੇ ਮਥਰਾ ਭੱਟ ਆਪਣੀ ਰੰਗੀ ਹੋਈ ਅਵਸਥਾ 'ਚ ਠੀਕ ਹੀ ਆਖ ਸਕਿਆ ਏ :

"ਭਨਿ ਮਥੁਰਾ ਕਛੁ ਭੇਦੁ ਨਹੀ,
ਗੁਰੁ ਅਰਜੁਨੁ ਪਰਤਖ ਹਰਿ ॥"

---


ਪਿੰਡ ਢੁਡੀਆਂ ਵਾਲਾ ਵਿਖੇ

## ਕੀਰਤਨ ਸਮਾਗਮ ਪ੍ਰੋਗਰਾਮ

੧–੭–੬੭ ਸਵੇਰੇ ੫ ਵਜੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਆਸਾਂ ਦੀ ਵਾਰ

੧–੭–੬੭ ਸ਼ਾਮ ਨੂੰ ੮ ਵਜੇ **ਕੀਰਤਨ ਰੈਣ ਸਬਾਈ** ਅਰੰਭ

ਨੋਟ :–ਪਿੰਡ ਢੁਡੀਆਂ ਵਾਲਾ ਕਪੂਰਥਲੇ ਤੋਂ ਚਾਰ ਮੀਲ ਸੁਲਤਾਨ ਪੁਰ ਰੋਡ ਤੇ ਹੈ :–
ਰੇਲਵੇ ਸਟੇਸ਼ਨ ਹੁਸੈਨ ਪੁਰ ਤੋਂ ੧½ ਮੀਲ ਹੈ।

ਪੁਛ ਗਿਛ ਲਈ — ਸੰਗਤ ਢੁਡੀਆਂ ਵਾਲਾ

ਗਿਆਨੀ ਮੰਗਲ ਸਿੰਘ ਪ੍ਰਧਾਨ ਗੁਰਦਵਾਰਾ ਢੁਡੀਆਂ ਵਾਲਾ ਜ਼ਿਲਾ ਕਪੂਰਥਲਾ





www.AKJ.Org

# ਨਵਾਂ ਮਿਸ਼ਰਣ

(ਮਾ: ਗੁਰਮੁਖ ਸਿੰਘ ਜੀ M A.B Ed) ਪਟਿਆਲਾ)

ਲਗਭਗ ਹਰ ਇਕ ਧਰਮ ਵਿਚ ਤਿੰਨ ਗੁਣ ਵਿਦਵਾਨ ਹੁੰਦੇ ਹਨ, ਉਹ ਗਲਾਂ ਜਿਨ੍ਹਾਂ ਦਾ ਮਨੁਖ ਦੇ ਦਿਮਾਗ਼ ਨਾਲ ਸਬੰਧ ਹੈ, ਭਾਵ ਦਲੀਲਾਂ ਦੇ ਦੇ ਕੇ ਮਨੁਖੀ ਬੁਧੀ ਨੂੰ ਪਰੇਰਤ ਕੀਤਾ ਜਾਏ, ਇਸ ਨੂੰ ਅਸੀਂ ਉਸ ਧਰਮ ਦਾ ਫਿਲਸਫਾ ਆਖਾਂਗੇ, ਜਾਂ element of Head. ਇਸ ਤਰਾਂ ਹਿੰਦੂ ਫਿਲਾਸਫੀ ਇਸਲਾਮ ਦੀ ਫਿਲਾਸਫੀ, ਜਾਂ ਈਸਾ ਦੀ ਮਨੁਖ ਬਾਰੇ ਕਲਪਿਤ ਫਿਲਾਸਫੀ ਆਖੀ ਜਾ ਸਕਦੀ ਹੈ।

ਇਸੇ ਤਰ੍ਹਾਂ ਦੂਸਰੇ ਦਰਜੇ ਤੇ element of Heart of ਹੈ, ਭਾਵ ਉਹ ਅੰਸ ਜਿਸ ਦਾ ਸਬੰਧ ਸਿਧੇ ਤੌਰ ਤੇ ਮਨੁਖ ਦੇ ਹਿਰਦੇ ਨਾਲ ਹੁੰਦਾ ਹੈ। ਇਸ ਵਿਚ ਦਲੀਲਾਂ ਨੂੰ ਬਹੁਤੀ ਮਹਾਨਤਾ ਨਹੀਂ ਦਿਤੀ ਜਾਂਦੀ, ਦਿਮਾਗ਼ੀ ਖੁਸ਼ਕੀਆਂ ਉਰਾਂ ਹੀ ਛਡ ਕੇ, ਮਨ ਤੇ ਬੁੱਧੀ ਦੇ ਦਰਵਾਜ਼ੇ ਬੰਦ ਕਰਕੇ ਪ੍ਰਾਣੀ ਕਿਸੇ ਦੇ ਆਸਰੇ, ਕਿਸੇ ਦੇ ਪਿਆਰ ਦੇ ਆਧਾਰ ਤੇ, ਕਿਸੇ ਭਰੋਸੇ ਤੇ ਆਪਣੇ ਜੀਵਨ ਦੀ ਅਵਲੰਬਨਾ ਕਰਦਾ ਹੈ। ਇਸ ਦੀਆਂ ਮਿਸਾਲਾਂ ਮਨੁਖਾਂ ਦੀਆਂ ਕੁਰਬਾਨੀਆਂ ਹਨ, ਜੋ ਉਸਨੂੰ ਸ਼ਹੀਦ ਦੀ ਉਚ ਪਦਵੀ ਦੀ ਸਿਖਰ ਤੇ ਪਹੁੰਚਾ ਦਿੰਦੀਆਂ ਹਨ। ਇਸ ਦੀਆਂ ਮਿਸਾਲਾਂ ਕਰੀਬਨ ਹਰ ਧਰਮ ਵਿਚ ਮਿਲਦੀਆਂ ਹਨ। ਦਿਲ ਤੇ ਦਿਮਾਗ਼ ਦੇ ਅੰਸਾਂ ਦਾ ਸਮ-ਮੇਲ ਮਨੁਖੀ ਆਤਮਾਂ ਲਈ, ਬਹੁਤ ਲਾਭ ਦਾਇਕ ਵਸਤੂ ਹੈ, ਪਰ ਧਰਮ ਦੇ ਖੇਤਰ ਵਿੱਚ ਅਜਿਹੀਆਂ ਮਿਸਾਲਾਂ ਆਈਆਂ ਮੁਢ ਤੋਂ ਮਿਲਦੀਆਂ ਹਨ, ਜਿਨਾਂ ਤੋਂ ਸਿਧ ਹੁੰਦਾ ਹੈ ਕਿ ਜੋ ਮਨੁਖ ਦਿਲ ਨੂੰ ਛਡ ਕੇ ਦਿਮਾਗ਼ ਦੇ ਮਗਰ ਲਗਦੇ ਹਨ, ਉਹ ਅੰਤ ਕੱਚੇ ਰਹਿ ਜਾਂਦੇ ਹਨ। ਹਜ਼ਰਤ ਈਸਾ ਨਾਲ ਉਸਦੇ ਕੁਝ ਕੁ ਸਾਥੀ ਜੋ ਅਖ਼ੀਰ ਤਕ ਨਾਲ ਸਨ, ਪਰ ਸ਼ਾਇਦ ਉਹਨਾਂ ਵਿਚ ਦਿਮਾਗ਼ੀ ਅੰਸ਼ ਨੇ ਉਛਾਲਾ ਮਾਰਿਆ ਤੇ ਆਪਣੇ ਮਹਬੂਬ ਹਜ਼ਰਤ ਨੂੰ ਫਤਵਾ ਦੇ ਕੇ ਸੂਲੀ ਤੇ ਟੰਗਵਾ ਦਿਤਾ। ਪਿਛੋਂ ਭਾਵੇਂ ਪਛਤਾਏ, ਪਰ ਦਗ਼ਾ ਦਿਲ ਨੇ ਨਹੀਂ ਦਿਮਾਗ਼ ਨੇ ਕੀਤਾ।

ਇਸੇ ਤਰਾਂ ਚਾਲੀ ਮੁਕਤਿਆਂ ਅੰਦਰ ਵੀ ਜਦੋਂ ਮਨ-ਬੁੱਧੀ ਨੇ ਹਿਰਦੇ ਨੂੰ ਦਬੋਚ ਲਿਤਾ ਤਾਂ ਬੇਦਾਵਾ ਲਿਖਿਆ ਗਿਆ। ਪਰ ਧੰਨ ਹਨ ਉਚ ਮਾਤਾਵਾਂ ਭੈਣਾਂ ਜਿਨਾਂ ਮੁੜ ਉਹਨਾਂ ਨੂੰ ਸਾਵਧਾਨ ਕਰਾਇਆ ਤੇ ਸਦਾ 'ਚਾਲੀ ਮੁਕਤੇ' ਅਖਵਾਣ ਦਾ ਮਾਨ ਦਿਵਾਇਆ ਸਿਖ ਪੰਥ ਵਿੱਚ ਕੇਵਲ ਚਾਲੀ ਹੀ ਮੁਕਤੇ ਹੋਏ, ਹੋਰ ਬੇਅੰਤ ਸਿੰਘਾਂ ਨੇ ਸ਼ਹੀਦੀਆਂ ਪਰਾਪਤ ਕੀਤੀਆਂ ਹਨ, ਪਰ ਮੁਕਤੇ ਨਹੀਂ ਬਣੇ। ਕਿਉਂਕਿ ਇਹ ਚਾਲੀ ਖਾਸ ਮੁਕਤੇ ਸਨ।

ਤੀਸਰਾ ਅੰਸ਼, ਦਿਲ ਦਿਮਾਗ਼ ਤੋਂ ਇਲਾਵਾ, ਹਥਾਂ ਦਾ ਹੈ। (Element of Head) ਇਸ



www.AKJ.Org

ਭਾਵ ਹਥੀਂ ਹੋਰਨਾਂ ਦੀ ਸੇਵਾ ਕਰਨੀ, ਹਥੀਂ ਠਾਕਰ ਦੀ ਸੇਵਾ ਕਰਨੀ। ਗਿਰਜੇ, ਮਸੀਤਾਂ, ਮੰਦਰ, ਗੁਰਦਵਾਰੇ ਇਤਨੇ ਰੁਪੈ ਦੇ ਕੇ ਨਹੀਂ ਬਣੇ, ਜਿਤਨੀ, ਇਹਨਾਂ ਦੀ ਉਸਾਰੀ ਵਿੱਚ 'ਹਥੀਂ ਸੇਵਾ' ਦਾ ਹਿੱਸਾ ਪਿਆ ਹੈ, ਇਕ ਦੂਜੇ ਨਾਲ ਹਮਦਰਦੀ ਤਾਂ ਦਿਲ ਦਾ ਖੇਤਰ ਹੈ, ਪਰ ਹਮਦਰਦੀ ਨੂੰ ਅਮਲੀ ਰੂਪ ਦੇਣਾ 'ਹਥਾਂ ਦਾ ਹੀ ਕੰਮ ਹੈ।

ਇਸ ਸੰਖੇਪ ਭੂਮਕਾ ਦੇਣ ਦਾ ਭਾਵ ਇਹ ਸੀ ਕਿ ਗੁਰਮਤਿ ਤੋਂ ਪਹਿਲਾਂ ਵੀ ਹਰ ਧਰਮ ਵਿੱਚ ਤਿੰਨ ਅੰਸ, (Head heart and hand) ਵਿਦਵਾਨ ਸਨ, ਪਰ ਗੁਰਮਤਿ ਨੇ ਇਹਨਾਂ ਦਾ ਜੋ ਮਿਸ਼ਰਣ (Mixure) ਤਿਆਰ ਕੀਤਾ ਤੇ ਮਨੁਖ ਨੂੰ ਪਿਲਾਇਆ ਉਹ ਅਨੂਕਾ ਹੀ ਅੰਮ੍ਰਿਤ ਸੀ, ਗੁਰੂ ਨਾਨਕ ਸਾਹਿਬ ਪਰਯੰਤ ਦਸੇ ਗੁਰਾਂ ਨੇ ਬਹੁਤਾ ਜ਼ੋਰ (Heart) ਅਤੇ 'Hand) ਤੇ ਹੀ ਪਾਇਆ ਹੈ। ਆਪ ਮਨੁਖੀ ਮਨੋ ਵਿਗਿਆਨ ਤੇ ਮਨੁਖੀ ਕਮਜ਼ੋਰੀਆਂ ਤੋਂ ਚੰਗੀ ਤਰਾਂ ਜਾਣੂ ਸਨ ਇਸ ਕਰਕੇ (Head) ਦੇ (element) ਨੂੰ ਬਹੁਤਾ ਉਚਾ ਅਸਥਾਨ ਨਹੀਂ ਦਿਤਾ। ਜੋ ਮਨੁਖ ਬਹੁਤਾ ਵਿਚਾਰਵਾਨ ਬਣ ਜਾਂਦਾ ਹੈ ਉਸ ਦਾ ਹਿਰਦਾ ਫਰਕਣ ਤੋਂ ਰਹਿ ਜਾਂਦਾ ਹੈ, ਅਜ ਦੇ ਜੁਗ ਵਿਚ ਕੀ ਪੂਰਬ ਤੇ ਕੀ ਪਛਮ, ਮਨੁਖ ਦੇਵ ਦਿਮਾਗ ਨੇ ਜੋ ਵਿਕਾਸ ਕੀਤਾ ਹੈ, ਉਸ ਦੇ ਗਿਆਨ ਸਦਕਾ ਉਸ ਨੂੰ ਇਹ ਨਿਰਣਾ ਕਰਨਾ ਔਖਾ ਹੋਇਆ ਕਿ ਰਬ ਹੈ ਕਿ ਨਹੀਂ। ਉਹ ਤਾਂ ਸਿਰਸ਼ਟੀ ਨੂੰ ਇਤਫਾਕਿਆ ਸਮਝੀ ਬੈਠਾ ਹੈ। ਸਗੋਂ ਰਬ ਦੀ ਹੋਂਦ ਤੋਂ ਮੁਨਕਿਰ ਹੋਈ ਬੈਠਾ ਹੈ। (Head) ਦਿਮਾਗ਼ ਦਾ ਇਕਤਰਫਾ ਵਿਕਾਸ ਉਸਨੂੰ ਅਜਿਹੀਆਂ ਰੁਚੀਆਂ ਵਲ ਪਰੇਰ ਰਿਹਾ ਹੈ ਜੋ ਕੇਵਲ ਬਾਹਰ ਮੁਖੀ ਹਨ। ਉਮਰ ਖ਼ਿਆਮ ਦੀ ਫਿਲਾਸਫੀ ਵਲ ਵਧਦੇ ਹੋਏ ਮਨੁਖ ਦੇ ਕਦਮ ਉਸਦੇ ਗ਼ਲਤ ਵਿਕਾਸ ਦੇ ਸੂਚਕ ਹਨ। ਇਸੇ ਲਈ ਜਗਤ ਜਲ ਰਿਹਾ ਹੈ।

ਗੁਰੂ ਅਰਜਨ ਦੇਵ ਜੀ ਦੇ ਜੀਵਨ ਵਿਚ (Head heart ਅਤੇ hand) ਦਾ ਜੋ ਸਮਨਵੇ ਮਿਲਦਾ ਹੈ, ਉਹ ਆਪਣੇ ਆਪ ਵਿਚ ਲਾਸਾਨੀ ਹੈ। ਗੁਰਮਤਿ ਦਾ ਮੁਢ ਤੋਂ ਹੀ ਨਵੀਨਤਾ ਵਲ ਝੁਕਾ ਸੀ, ਗੁਰੂ ਸਾਹਿਬਾਨ ਨੇ ਮਨੁਖੀ ਜੀਵਨ ਤੇ ਤਜਰਬੇ ਕਰਕੇ ਸਾਨੂੰ ਨਵੀਨਤਾ ਬਖਸ਼ੀ। ਗੁਰਮਤਿ ਦੀ ਨਵੀਨਤਾ ਇਹਨਾਂ ਤਿੰਨਾਂ ਅੰਸ਼ਾ ਦੇ ਨਵੇਂ ਮਿਸ਼ਰਣ ਤਿਆਰ ਕਰਨ ਵਿਚ ਹੈ।

ਪੰਜਵੇ' ਸਤਿਗੁਰਾਂ ਤੇ ਸਾਰੀ ਬਾਣੀ ਨੂੰ ਕਠਿਆਂ ਕਰਕੇ ਗੁਰੂ ਗਰੰਥ ਸਾਹਿਬ ਜੀ ਦੀ ਜੋ ਰਚਨਾ ਕੀਤੀ, ਉਸ ਦਾ ਅਧਾਰ,

## ਹਿਰਦੇ ਦਾ ਅੰਸ਼ ਹੈ।

ਬਾਕੀ ਧਰਮਾਂ ਦੇ ਗਰੰਥ ਆਮ ਤੌਰ ਤੇ ਵਾਰਤਕ ਵਿੱਚ ਹਨ। ਜਿਸਦੀ (appeal) ਮਨੁਖ ਦੇ ਦਿਮਾਗ ਨੂੰ ਟੁੰਬਦੀ ਹੈ। ਇਸ ਵਿਚ ਸ਼ਕ ਨਹੀਂ ਕਿ ਅੰਜੀਲ ਦੀ ਭਾਸ਼ਾ ਵਿਚ ਵੇਦਨਾ ਹੈ। ਅਤੇ ਵੇਦ ਸਲੋਕਾਂ ਵਿਚ ਹਨ, ਪਰ ਹਨ ਸੰਸਕ੍ਰਿਤ ਵਿਚ, ਜੋ ਆਮ ਬੋਲ ਚਾਲ ਦੀ ਭਾਸ਼ਾ ਨਹੀਂ ਕੁਰਾਣ ਪੁਰਾਣ, ਸਿਮਰਿਤੀਆਂ, ਸ਼ਾਸਤਰ, ਇਹ ਸਭ ਦਿਮਾਗ ਨੂੰ ਟੁੰਬਣ ਵਾਲੇ ਹਨ। ਇਹ ਸਭ 'ਗਿਆਨ ਮਾਰਗ' ਦੇ ਪਰੇਰਕ ਹਨ।

ਗੁਰੂ ਸਾਹਿਬਾਨ ਦੀ ਸਾਰੀ ਬਾਣੀ, ਭਗਤਾਂ ਦੀਆਂ ਬਾਣੀਆਂ ਤੇ ਭਟਾਂ ਦੇ ਸਵੀਏ ਆਦਿ ਸਭ ਕਾਵ ਰੂਪ ਵਿਚ ਹਨ। ਕਵਿਤਾ ਦਾ ਸੋਮਾ ਹਿਰਦਾ ਹੈ। ਅਤੇ ਜਦੋਂ ਕਵਿਤਾ ਪੜੀ ਜਾਏ ਤਾਂ ਇਹ ਹਿਰਦੇ ਨੂੰ ਹੀ ਜਾਕੇ ਟੁੰਬਦੀ ਹੈ। ਮਨ-ਬੁਧੀ ਦਾ ਉਥੇ ਦਖਲ ਨਹੀਂ। ਅਤੇ ਇਹ ਕੇਵਲ ਗੁਰਬਾਣੀ ਨੂੰ ਹੀ ਨਵੀਨਤਾ ਤੇ ਸਨਮਾਨ ਪਰਾਪਤ ਹੈ ਇਸ ਦਾ ਕਾਵ-ਰੂਪ ਰਾਗਾਂ ਦੇ ਅਧਾਰ ਤੇ ਹੈ। ਸਤਿਗੁਰਾਂ ਨੇ ਹਰ ਸ਼ਬਦ ਨਾਲ ਰਾਗ ਵੀ ਤਜਵੀਜ਼ ਕੀਤੇ ਹਨ। ਬਾਕੀ ਧਰਮਾਂ ਦੇ ਧਰਮ—ਗ੍ਰੰਥ ਮਨੁਖ ਦੇ ਦਿਮਾਗ ਨੂੰ ਚੰਗੀ ਕਸਰਤ ਬਖਸ਼ ਸਕਦੇ ਹਨ, ਪਰ ਹਿਰਦੇ ਨੂੰ ਉਨਤੀ ਨਹੀਂ।

ਪੰਜਵੇਂ ਸਤਿਗੁਰਾਂ ਦੀ ਇਹ ਦੇਣ ਗੁਰਬਾਣੀ ਦੀ



www.AKJ.Org

ਰਚਨਾ, ਤੇ ਸੰਗਰਹਿ ਅਤੇ ਉਸ ਨੂੰ ਰਾਗਾਂ ਤੇ ਗਾਇਨ ਕਰਨ ਯੋਗ ਬਣਾਉਣਾ, ਖਾਲਸਾ ਪੰਥ ਨੂੰ ਬਹੁਤ ਵਡ ਮੁਲੀ ਦੇਨ ਹੈ।

ਗੁਰਬਾਣੀ ਜਿਉਂ ਜਿਉਂ ਪੜ੍ਹੀ ਜਾਉ, ਹਿਰਦੇ ਵਿੱਚ ਖੁਬੀ ਜਾਂਦੀ ਹੈ, ਕੀਰਤਨ ਸੁਣੀ ਜਾਉ ਹਿਰਦਾ ਖੇੜੇ ਵਿਚ ਆਈ ਜਾਂਦਾ ਹੈ ਤੇ ਹਿਰਦੇ ਦੀ ਮਸਤੀ ਸਿਰ ਨੂੰ ਵੀ ਹੁਲਾਰੇ ਦੇਈ ਜਾਂਦੀ ਹੈ, ਭਾਵੇਂ (Head) ਸਿਰ ਨੇ ਮਸਤ ਹੋਕੇ ਕਦੀ ਹਿਰਦੇ ਨੂੰ ਹੁਲਾਰਾ ਨਹੀ ਦਿਤਾ।

ਸਿਖ ਧਰਮ ਨੇ, ਇਉਂ ਕਹੋ, ਆਪਣੀ ਫਿਲਾਸਫੀ ਦਾ, ਧੁਰਾ, ਮਨੁਖੀ ਹਿਰਦਾ ਬਣਾਇਆ ਇਸਨੂੰ ਅਮੋਲ ਮਾਣਕ ਵੀ ਆਖਿਆ ਤੇ ਇਸ ਦੀ ਰਖਿਆ ਲਈ ਕਿਹਾ "ਜੇ ਤਉ ਪ੍ਰਿਅ ਦੀ ਸਿਕ ਹਿਆਉ ਨ ਠਾਹੀ ਕਹਿਦਾ।'

ਹਿਰਦੇ ਤੋ ਦਿਆਲ ਹੋਕੇ ਬਖਸ਼ ਦੇਣਾ ਹੋਇਆ। ਦਿਮਾਗ਼ ਨੇ ਪੜ੍ਹ ਪੜ੍ਹਾ ਕੇ ਸੁਰਾਂ ਸ਼ਰੀਅਤ ਦੇ ਅਧਾਰ ਤੇ ਮਨੁਖ ਦੇ ਗੁਨਾਹਾਂ ਦਾ ਯੋਗ ਦੰਡ ਵਿਚਾਰਨਾ ਹੋਇਆ ਤਾਂਕਿ ਦੁਨੀਆਂ ਵਿਚ ਬਦਅਮਨੀ (lawlessness) ਨ ਫੈਲ ਜਾਵੇ। ਗੁਰੂ ਘਰ ਦੀ ਮਹਾਨਤਾ ਤੇ ਨਵੀਨਤਾ ਇਸੇ ਗਲ ਵਿਚ ਰਹੀ ਹੈ ਕਿ ਵਡੇ ਤੋਂ ਵਡਾ ਪਾਪੀ ਆਇਆ, ਉਸਦਾ ਹਿਰਦਾ ਪਰਵਿਰਤ ਹੋ ਗਿਆ। ਕਾਇਆਂ ਪਲਟਾ ਖਾ ਗਈ। ਸਜਨ ਠਗੀ ਛਡ ਗਿਆ। ਮਲਕ ਭਾਗ ਦਾ ਹਿਰਦਾ ਲਹੂ ਦੀਆਂ ਧਾਰਾਂ ਵੇਖ ਕੇ ਕੰਬ ਉਠਿਆ। ਵਲੀ ਕੰਧਾਰੀ, ਦੀ ਜਾਗ ਖੁਲ ਗਈ ਜਦੋਂ ਏਡਾ ਵਡਾ ਪਥਰ ਸਤਿਗੁਰਾਂ ਵਲ ਉਲਾਰਿਆ। ਸ੍ਰੀ ਗੁਰੂ ਅਮਰ ਦਾਸ ਜੀ ਤਾਂ ਚਨੌਤੀ ਦੇ ਕੇ ਕਹਿ ਰਹੇ ਹਨ,

ਹਮ ਜੈਸੇ ਅਪਰਾਧੀ ਅਵਰ ਕੋਈ ਰਾਖੈ "ਕੋਈ ਬਖ਼ਸ਼ ਕੇ ਤਾਂ ਦਿਖਾਏ ਭਾਵ ਨਹੀਂ ਬਖਸ਼ ਸਕਦਾ ਇਹ ਤਾਂ ਗੁਰੂ ਘਰ ਨੂੰ ਹੀ ਸ਼ੋਭਾ ਪ੍ਰਾਪਤ ਹੈ ਕਿ ਵਡੇ ਤੋਂ ਵਡੇ ਅਪਰਾਧੀ ਬਖ਼ਸ਼ੇ ਗਏ।

ਜਿਸ ਪਾਪੀ ਕੋ ਮਿਲੈ ਨ ਢੋਈ ॥
ਸਰਨ ਪਰੈ ਤ ਨਿਰਮਲ ਹੋਈ ॥

ਪੰਜਵੇਂ ਸਤਿਗੁਰਾਂ ਦੇ ਜੀਵਨ ਤੋਂ ਕੁਝ ਮਿਸਾਲਾਂ ਮਿਲਦੀਆਂ ਹਨ, ਜਿਥੇ ਹਿਰਦੇ ਨੂੰ ਸਿਧੇ ਤੌਰ ਤੇ ਟੁੰਬਣ ਦਾ ਜਤਨ ਕੀਤਾ ਗਿਆ ਹੋਵੇ। ਸ੍ਰੀ ਬਾਬਾ ਬੁਢਾ ਜੀ, ਤੇ ਸ੍ਰੀ ਭਾਈ ਗੁਰਦਾਸ ਜੀ ਨੂੰ ਸ੍ਰੀ ਬਾਬਾ ਮੋਹਨ ਜੀ ਤੋਂ ਪਿਛਲੇ ਸਤਿਗੁਰਾਂ ਦੀ ਬਾਣੀ ਦੀਆਂ ਸੈਂਚੀਆਂ ਲੈਣ ਲਈ ਭੇਜਿਆ ਗਿਆ। ਪਰ ਉਹ ਬਾਬਾ ਮੋਹਨ ਜੀ ਦੀ ਸਮਾਧੀ ਨਾ ਖਲ ਸਕੇ ਜਿਸ ਕਰਕੇ ਦੋਵੇਂ ਗੁਰਸਿਖ ਵਾਪਸ ਮੁੜ ਆਏ। ਫਿਰ ਪੰਜਵੇਂ ਸਤਿਗੁਰ ਆਪ ੨੦-੨੨ ਮੀਲ ਦਾ ਸਫਰ ਪੈਦਲ ਤਹਿ ਕਰਕੇ ਗੋਇੰਦਵਾਲ ਸਾਹਿਬ ਪਹੁੰਚੇ। ਅਤੇ ਬਾਬਾ ਮੋਹਨ ਜੀ ਦੇ ਚੁਬਾਰੇ ਹੇਠ ਗਲੀ ਵਿੱਚ ਭੁੰਜੇ ਬੈਠ ਕੇ ਕੀਰਤਨ ਅਰੰਭ ਕੀਤਾ ਭਾਂਵੇ ਸਥਾਨਕ ਸੰਗਤਾਂ ਨੇ ਦਰੀਆਂ ਚਾਦਰਾਂ ਦਾ ਪ੍ਰਬੰਧ ਕੀਤਾ ਹੋਇਆ ਸੀ। ਪਰ ਸਚੇ ਪਾਤਸ਼ਾਹ ਨੇ ਬਾਬਾ ਮੋਹਨ ਜੀ ਦਾ ਹਿਰਦਾ ਜੁ ਟੁੰਮਣਾ ਸੀ। ਹਾਂ ਜੀ ਉਹੀ ਮੋਹਨ ਜੀ, ਜਿਨਾਂ ਤੀਸਰੇ ਸਤਿਗੁਰਾਂ ਦਾ ਹੁਕਮ ਨਹੀਂ ਸੀ ਮੰਨਿਆ ਤੇ ਸ੍ਰੀ ਗੁਰੂ ਰਾਮ ਦਾਸ ਜੀ ਨੂੰ ਗੁਰੂ ਮਨਣ ਨਾ ਲਗੇ। ਹਾ ਜੀ ਇਹ ਉਹੋ ਮੋਹਨ ਜੀ ਹਨ, ਜੋ ਗੁਣੀ ਗਿਆਨੀ ਹਨ, ਵਿਦਵਾਨ ਹਨ, ਪਰ 'ਹਿਰਦੇ' ਦੇ ਵਿਕਾਸ ਕਰਕੇ ਅਜੇ ਊਣੇਂ ਹੀ ਸਨ।

ਪੰਜਵੇਂ ਪਾਤਸ਼ਾਹ ਜੀ ਨੇ ਕੇਵਲ ਗੁਰਬਾਣੀ ਦੇ ਕੀਰਤਨ ਪਰਵਾਹ ਨਾਲ ਮੋਹਨ ਜੀ ਦੀ ਕਠਨ ਸਮਾਧੀ ਖੋਲ੍ਹ ਦਿਤੀ, ਉਹਨਾਂ ਦਾ ਕਠੋਰ ਹਿਰਦਾ ਪਿੰਘਰ ਉਠਿਆ ਤੇ ਛਿਨ ਵਿੱਚ ਸੈਂਚਿਆਂ ਦੇ ਦਿਤੀਆਂ। ਹਿਰਦੇ ਦੇ ਮਾਲਕ ਨੇ ਹਿਰਦਾ ਜਿਤ ਲਿਆ। ਬੜੇ ਗਿਆਨ ਧਿਆਨ ਵਾਲੇ ਆਪਣੀ ਹਾਰ ਮੰਨ ਗਏ।

ਹੰਕਾਰ ਸਿਰ (Head) ਨੂੰ ਹੀ ਹੁੰਦਾ ਹੈ, ਇਹ ਉਹ ਬੁਖ਼ਾਰ ਹੈ ਜੋ ਸੰਸਾਰ ਦਾ ਸਭ ਤੋਂ "ਦੀਰਘ ਰੋਗ" ਹੈ, ਪਰ ਚੜ੍ਹਦਾ ਦਿਮਾਗ਼ (Head) ਨੂੰ ਹੀ ਹੈ, ਕਦੀ ਹਿਰਦੇ ਨੂੰ ਨਹੀਂ ਚੜ੍ਹਿਆ ਹਿਰਦੇ ਦੇ ਗੁਣ ਕੋਮਲਤਾ, ਹਲੀਮੀ ਤੇ ਮਿਠਾਸ ਦੇ ਹਨ। ਸਾਰੀ ਗੁਰਬਾਣੀ ਦਾ ਸੋਮਾਂ ਸਤਿਗੁਰਾਂ ਦਾ ਹਿਰਦਾ ਸੀ, ਜੋ ਅਕਾਲ ਪੁਰਖ



www.AKJ.Org

ਨਾਲ ਸੁਰ ਹੋਇਆ ਸੀ.। ਇਸ ਲਈ ਬਾਣੀ ਧੁਰ ਕੀ ਹੈ, ਇਸ ਲਈ ਬਾਣੀ ਮਿਠੀ ਹੈ, ਇਸ ਲਈ ਬਾਣੀ ਵਿੱਚ ਹਲੀਮੀ ਹੈ। ਥਾਂ ਥਾਂ ਤੇ ਨਿਮਰਤਾ ਦੇ ਸੰਕੇਤ ਮਿਲਦੇ ਹਨ

"ਨਾਨਕ ਨੀਚ", "ਨਾਨਕ ਗਰੀਬ", "ਨਾਨਕ ਦਾਸ"
"ਲਾਲਾ ਗੋਲਾ", "ਬੰਦਾ ਜ਼ਰ ਖਰੀਦ" ਆਦਿ

ਫਿਰ ਪੰਜਵੇਂ ਸਤਿਗੁਰਾਂ ਨੇ ਹਥੀਂ ਸੇਵਾ ਦੇ ਜੋ ਪੂਰਨੇ ਪਾਏ ਉਹ ਸ਼ਾਇਦ ਹੀ ਕਿਸੇ ਹੋਰ ਧਰਮ ਵਿਚ ਮਿਲਦੇ ਹੋਣ। ਕਾਬਲ ਕੰਧਾਰ ਦੀ ਸੰਗਤ ਦੀ ਰਾਤ ਦੇ ਹਨੇਰੇ ਵਿੱਚ ਆਪ ਖ਼ੁਦ ਸੇਵਾ ਕਰ ਰਹੇ ਹਨ। ਅਜ ਤਕ ਖਿਆਲ ਕੀਤਾ ਜਾਂਦਾ ਸੀ ਕਿ ਗੁਰੂ, ਗਿਆਨ ਦਾ ਚਾਨਣ ਮੁਨਾਰਾ ਹੈ। ਪਰ ਸਿਖ ਗੁਰੂਆਂ ਨੇ ਉਸ ਚਾਨਣ ਮੁਨਾਰੇ ਨੂੰ ਇਕ ਨਵਾਂ ਰੂਪ ਦਿਤਾ, ਆਪ ਭੀ ਸੰਗਤ ਦੀ ਸੇਵਾ ਕਰਨੀ।

ਭਾਈ ਮੰਝ ਹਥੀਂ ਸੇਵਾ ਦੇ ਇਕ ਉਚੇ ਆਦਰਸ਼ ਹਨ ਭਾਈ ਘਨੱਈਆ ਹਥੀਂ ਸੇਵਾ ਦੇ ਉਹ ਸਰੂਪ ਸਨ ਜਦੋਂ ਸੇਵਾ ਕਰਦੇ ਹਰ ਆਪਣੇ ਤੇ ਬਿਗਾਨੇ ਦਾ ਵਿਤਕਰਾ ਮੁਕ ਜਾਂਦਾ ਹੈ ਤੇ ਮਨੁਖ ਅਜਿਹੇ ਖੇਤਰ (Sphere) ਵਿਚ ਪੁਜ ਜਾਂਦਾ ਹੈ ਜਿਥੇ ਨ ਕੋ ਬੈਰੀ ਨਾਹੀ ਬੇਗਾਨਾ 'ਸਗਲ ਸੰਗ ਹਮ ਕੋ ਬਨ ਆਈ' ਦਾ ਨਜ਼ਾਰਾ ਬਜਦਾ ਹੈ ਤੇ ਇਹੋ ਦਿਸਦਾ ਹੈ

"ਖਾਲਕ ਖਲਕ, ਖ਼ਲਕ ਮਹਿ ਖ਼ਾਲਕ ਪੂਰ ਰਹਿਓ ਸਭ ਠਾਈ"

ਪੰਜਵੀਂ ਪਾਤਸ਼ਾਹੀ ਨੇ ਸਾਨੂੰ ਆਪਣੇ ਜੀਵਨ ਤੋਂ ਅਤੇ ਬਾਣੀ ਤੋਂ ਇਹੋ ਸੰਦੇਸ਼ ਦਿਤਾ ਹੈ ਕਿ ਮਨੁਖ ਕਾਮਲ ਮਨੁਖ ਬਣਨ ਲਈ(Head, Heart and Hand) ਦਿਮਗ, ਦਿਲ ਅਤੇ ਹਥੀਂ ਸੇਵਾ ਨੂੰ ਆਪਣੇ ਜੀਵਨ ਵਿੱਚ ਯੋਗ ਅਸਥਾਨ ਦਿਤਾ ਜਾਵੇ। ਇਸਦੇ ਨਮੂਨੇ (ideals) ਵੇਖਣੇ ਹੋਣ ਤਾਂ ਸਿਖ ਇਤਿਹਾਸ ਇਹਨਾਂ ਨਾਲ ਭਰਿਆ ਪਿਆ ਹੈ। ਨਿਰੇ ਦਿਮਾਗ਼ ਵਾਲੇ ਬੰਦੇ ਔਰੰਗਜ਼ੇਬ ਦੇ ਦਰਬਾਰ ਵਿੱਚ ਬਾਣੀ ਉਲਟਾ ਸਕਦੇ ਹਨ, ਆਪਣੀ ਦਿਮਾਗੀ ਕਾਢ ਨਾਲ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰ ਸਕਦੇ ਹਨ, ਪਰ 'ਹਿਰਦੇ' ਦੇ ਧਨੀ ਤਾਂ ਤਤੀਆਂ ਲੋਹਾਂ ਤੇ ਚੌਂਕੜੇ ਮਾਰਦੇ ਹਨ, ਦਿਲੀ ਜਾਕੇ ਸੀਸ ਦੀ ਬਲੀ ਦਿੰਦੇ ਹਨ। ਆਰੇ ਨਾਲ ਦੋ ਫਾੜ ਹੋ ਜਾਂਦੇ ਹਨ ਅਤੇ 'ਹਿਰਦੇ' ਵਿਚੋਂ ਜਪੁਜੀ ਦੀ ਆਵਾਜ਼ ਆ ਰਹੀ ਹੈ,

ਗੰਗੂ ਵਰਗੇ ਦਿਮਾਗ਼ ਦੇ ਮਾਹਰ ਲਗਕੇ ਪੈਸੇ ਦੇ ਲਾਲਚ ਵਿਚ ਆ ਸਕਦੇ ਹਨ,ਪਰ 'ਹਿਰਦੇ' ਦੇ ਨਿਪੁੰਨ ਬਾਲਕ ਧਰਮ ਤੋਂ ਜਾਨ ਵਾਰਨ ਖਾਤਰ ਜਿਉਂਦੇ ਕੰਧਾਂ ਵਿੱਚ ਚਿਣੇ ਜਾਣ ਨੂੰ ਚੰਗਾ ਸਮਝਦੇ ਹਨ। ਨਿਰੇ ਵੈਰਾਗੀ ਜੀ ਦਾ ਦਿਮਾਗ਼ ਬਕਰੇ ਝਟਕਾਏ ਜਾਣ ਤੇ ਪਾਪ ਪੁੰਨ ਵਿਚਾਰਦਾ ਹੈ ਕਿ ਕੁਟੀਆ ਪਲੀਤ ਹੋ ਗਈ ਹੈ, ਪਰ ਇਹ "ਦਿਲ" ਦੇ ਮਾਹਰ ਉਸਤਾਦ ਹੀ ਉਸਦਾ ਦਿਲ ਟੁੰਬ ਸਕਦੇ ਹਨ, ਕਿ ਭਾਰਤ ਦੀ ਸਾਰੀ ਧਰਤੀ ਪਲੀਤ ਹੋ ਚੁਕੀ ਹੈ ਮਾਸੂਮਾਂ ਦੇ ਖ਼ੂਨ ਨਾਲ। ਫਿਰ ਬੈਰਾਗੀ ਤੋਂ ਬੰਦਾ ਬਹਾਦਰ ਬਣਿਆ। ਸਤਿਗੁਰਾਂ ਨੇ ਸਿੰਘ ਬਣਾਇਆ।


ਭਾਈ ਦੁਨੀ ਚੰਦ ਜੀ ਸੋਚਦੇ ਹੀ ਰਹਿ ਗਏ, ਕੰਧ ਟਪ ਕੇ ਮਰਨਾ ਕਬੂਲ ਕੀਤਾ, ਪਰ ਮਸਤ ਹਾਥੀ ਨਾਲ ਟਾਕਰਾ ਕਰਨਾ ਉਹਨਾਂ ਦੇ ਦਿਮਾਗ਼ ਨੇ ਨ ਕਬੂਲਿਆ। ਆਪ ਮਸੰਦ ਸਨ ਅਤੇ ਦੂਰ ਦੂਰ ਗੁਰਮਤਿ ਦਾ ਪ੍ਰਚਾਰ ਕਰਦੇ ਸਨ ਤੇ ਗੁਰੂ ਜੀ ਦੇ ਭੰਡਾਰੇ ਲਈ ਮਾਇਆ ਕੱਠੀ ਕਰਦੇ ਸਨ। ਦਿਮਾਗ਼ ਦੇ ਕਾਫੀ ਚਤੁਰ ਸਨ ਪਰ ਅਜੇ ਹਿਰਦੇ ਵਿੱਚ ਉਛਾਲ ਨਹੀਂ ਸੀ ਆਇਆ "ਹਾਥੀ ਦਾ ਮੁਕਾਬਲਾ ਤੇ ਬੰਦਾ ਕਰੇ ?" ਇਹ ਅਨਹੋਣੀ ਮੌਤ ਦੇਖ ਕੇ ਸ਼ਰਧਾਲੂ ਭਜ ਨਠਿਆ। ਪਰ ਵਾਹ ਭਾਈ ਬਚਿਤਰ ਸਿੰਘ ਜਿਨਾਂ ਜ਼ਰਾ ਨਹੀਂ ਸੋਚਿਆ ਕਿਵੇਂ ਮੁਕਾਬਲਾ ਹੋਵੇਗਾ, ਫੌਰਨ ਹਾਥੀ ਨਾਲ ਟਕਰ ਲੈਣ ਲਈ ਤਿਆਰ ਹੋ ਪਿਆ। ਦਿਮਾਗ਼ਾਂ ਵਾਲੇ ਅਜ ਵੀ ਹੈਰਾਨ ਹੁੰਦੇ ਹਨ ਕਿ ਸਿਖਾਂ ਨੂੰ ਆਖ਼ਰ ਇਹ ਕੀ ਗੁੜ੍ਹਤੀ ਮਿਲਦੀ ਹੈ ਕਿ ਅੰਮ੍ਰਿਤ ਪੀਂਦੇ ਸਾਰ ਕਲਾ ਕਲਾ ਸਿੰਘ ਸਵਾ ਲਖ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਪੈਂਦਾ ਹੈ।



www.AKJ.Org

ਇਸ ਦਾ ਇਕੋ ਹੀ ਕਾਰਨ ਹੈ ਕਿ ਸਿਖ ਧਰਮ ਵਿਚ ਜੋ ਨਵਾਂ ਮਿਸ਼ਰਣ ਤਿਆਰ ਕਰ ਕੇ ਪਿਲਾਇਆ ਗਿਆ,ਉਸਦਾ ਅਸਰ ਦਿਲ ਤੇ ਹੈ,ਦਿਮਾਗੀਂ ਸੋਚਾਂ ਵਿੱਚ ਬਹੁਤਾ ਨ ਪੈਕੇ, ਹਿਰਦੇ ਨਾਲ ਪਿਆਰ ਕਰਨਾ, ਹਿਰਦੇ ਨਾਲ ਖ਼ੁਸ਼ੀ ਖ਼ੁਸ਼ ਕੁਰਬਾਨ ਹੋ ਜਾਣਾ।

ਪਰ ਇਸਦਾ ਮਤਲਬ ਇਹ ਨਹੀਂ ਕਿ ਸਿਖ ਧਰਮ ਵਿਚ ਸੋਚ ਵਿਚਾਰ ਨਹੀਂ ਕੀਤੀ ਜਾਂਦੀ, ਜਾਂ ਦਿਮਾਗ਼ ਤੋਂ ਕੰਮ ਲੈਣਾ ਮਨ੍ਹਾ ਕੀਤਾ ਗਿਆ ਹੈ। ਨਹੀਂ ਨਹੀਂ ਸਿਖਾਂ ਨੂੰ ਗੁਰੂ ਮਹਾਰਾਜ ਨੇ ਬਹੁਤਾ (brooding type) ਫਿਲਾਸਫਰ ਨਹੀਂ ਬਣਾਇਆ। ਸਗੋਂ ਦਿਮਾਗ ਅਤੇ ਦਿਲ ਦੀ ਕਸ਼-ਮਕਸ਼ ਵਿੱਚ ਬਹੁਤਾ ਦਿਲ ਹੀ ਜਿਤਦਾ ਹੈ। ਈਮਾਨ-ਦਾਰੀ ਵਫਾਦਾਰੀ ਸਚਾਈ ਨਿਮਰਤਾ, ਭਗਤੀ ਇਹ ਸਭ ਗੁਣ ਹਿਰਦੇ ਦੇ ਹਨ ਜੋ ਨਵੇਂ ਮਿਸ਼ਰਣ ਨੇ ਕੌਮ ਅੰਦਰ ਉਜਾਗਰ ਕਰਨ ਦੀ ਕੋਸ਼ਸ਼ ਕੀਤੀ।


ਸਾਨੂੰ ਦਰਸ਼ਨ ਦਿਓ !

ਹਰ ਤਰਾਂ ਦੇ ਸਿਮਰਨੇ ਅਤੇ ਮਾਲਾ, ਸਟੀਲ ਤੇ ਲੋਹੇ ਦੇ, ਚਕਰੀਆਂ ਵਡੀਆਂ ਛੋਟੀਆਂ, ਸਟੋਰਾਂ, ਜੋੜੀਆਂ ਅਤੇ ਸਾਈਕਲਾਂ ਆਦਿ ਲਈ ਅਲਮੋਨੀ-ਅਮ ਦੇ ਟਿਕਟ ਵਖ ਵਖ ਸਾਇਜ਼ਾਂ ਵਿਚ ਆਰਡਰ ਦੇ ਕੇ ਬਣਵਾਉ।

ਖਾਲਸਾ ਨਿਸ਼ਾਨ ਮੇਕਰਜ਼
(ਪ੍ਰੋਪਰਾਈਟਰ ਕਿਰਪਾਲ ਸਿੰਘ)
੯੦ ਲਾਲ ਕਵਾਟਰ, ਆਜ਼ਾਦ ਨਗਰ ਮਾਰਕੀਟ,
ਲੁਧਿਆਣਾ-੩

ਨੋਟ :–ਆਪ ਜੀ ਹੇਠ ਲਿਖੇ ਐਡਰਸਾਂ ਤੇ ਇਸ ਸਬੰਧੀ ਮਿਲ ਸਕਦੇ ਹੋ।

੧. ਅਖੰਡ ਕੀਰਤਨੀ ਜੱਥਾ,
ਪਟਿਆਲਾ।
੨. ਖਾਲਸਾ ਬ੍ਰਦਰਜ਼, ਮਈ ਸੇਵਾਂ
ਅੰਮ੍ਰਿਤਸਰ।
੩. ਖਾਲਸਾ ਨਿਸ਼ਾਨ ਸਟੋਰ, ਮਈ ਸੇਵਾਂ
ਅੰਮ੍ਰਿਤਸਰ।




www.AKJ.Org

# ਸਿਮਰਨ ਦਾਤਾ ਸਤਿਗੁਰੂ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਕਿਸ਼ਤ ਨੰ: ੭

ਵਾਹਿਗੁਰੂ ਰੂਪੀ ਜਹਾਜ਼ ਤੇ ਚੜ੍ਹਨ ਲਈ ਸਤਿਗੁਰੂ ਰੂਪੀ ਬੇੜੀ ਹੀ ਸਹਾਈ ਹੈ, ਜੋ ਪੁਰਸ਼ ਸਤਿਗੁਰੂ ਦੇ ਹੁਕਮ ਰੂਪੀ ਭਾਣੇ ਅੰਦਰ ਚਲਦੇ ਹਨ ਅਤੇ ਸਤਿਗੁਰੂ ਨੂੰ ਮਨ ਬਚ ਕ੍ਰਮ ਕਰਕੇ ਸਤਿਗੁਰੂ ਰੂਪ ਹੀ ਮਨਦੇ ਹਨ ਉਹ ਬੇੜੀ ਵਿਚ ਆ ਬੈਠਦੇ ਹਨ ਅਤੇ ਬੇੜੀ ਵਿਚ ਬੈਠਕੇ ਵਾਹਿਗੁਰੂ ਰੂਪੀ ਜਹਾਜ਼ ਵਿਚ ਅਸਵਾਰ ਹੁੰਦੇ ਹਨ। ਉਹ ਵਡਭਾਗੀ ਧੰਨ ਧੰਨ ਹਨ ਜਿਨ੍ਹਾਂ ਨੂੰ ਸਤਿਗੁਰੂ ਸਚਾ ਸਿਮਰਨ ਦੀ ਦਾਤਿ ਬਖਸ਼ ਕੇ ਵਾਹਿਗੁਰੂ ਨਾਲ ਮਿਲਾਇ ਲੈਂਦਾ ਹੈ।

ਯਥਾ ਗੁਰਵਾਕ

"ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥
ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿਜਾਉ ॥
ਬਿਨੁ ਸਤਿਗੁਰ ਹਰਿ ਨਾਮ ਨ ਲਭਈ ਲਖ ਕੋਟੀ ਕਰਮ ਕਮਾਉ ॥੨॥
ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆਂ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰ ਲਏ ਮਿਲਾਇ ॥੪॥
(ਸ੍ਰੀ ਰਾਗ ਮ: ੪)

ਸਤਿਗੁਰੂ ਦੀ ਸਚੀ ਸੁਚੀ ਪਛਾਣ ਇਕ ਇਹ ਹੈ ਕਿ ਉਸ ਨੂੰ ਮਿਲ ਕੇ ਹਰਿ ਗੁਣ ਰਵੀ ਦੇ ਹਨ, ਹਰਿ ਗੁਣ ਧਾਰੀਏ ਸੰਵਾਰੀ ਦੇ ਹਨ। ਜਿਸ ਨੂੰ ਭੇਟ-ਦਿਆਂ, ਜਿਸ ਦਾ ਦਰਸ਼ਨ ਪਰਸਦਿਆਂ ਗੁਣੀ ਅਕਾਲ ਪੁਰਖ ਦੀ ਗੁਣਾਂ ਰੂਪੀ ਗੁਰਬਾਣੀ ਦਾ ਅੰਮ੍ਰਿਤ ਰਸਾਉਣੀ ਪਾਰਸ ਪਰਸੀਦਾ ਹੈ ਸੋਈ ਸਜਣ ਸਚਾ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਜਦੋਂ ਭੀ ਇਸ ਗੁਰੂ ਪਾਤਸ਼ਾਹ ਨੂੰ ਪਰਸੋਗੇ ਤਦੋਂ ਹੀ ਇਸ ਦੁਆਰਿਓਂ ਅੰਮ੍ਰਿਤ ਬਾਣੀ ਦਾ ਸੋਮਾ ਹੀ ਸੰਚਤ ਹੋਵੇਗਾ।

ਯਥਾ ਗੁਰਵਾਕ

'ਭਾਈ ਰੇ ਮਿਲਿ ਸਜਣ ਹਰਿਗੁਣ ਸਾਰਿ ॥



www.AKJ.Org

ਸਜਣੁ ਸਤਿਗੁਰੁ ਪੁਰਖੁ ਹੈ ਦਖੁ ਕਢੈ ਹਉਮੈ ਮਾਰਿ ॥
.......ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰੁ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥
(ਸਿਰੀ ਰਾਗ ਮ: ੪)
ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ ॥
(ਸਿਰੀ ਰਾਗ ਮ: ੫)

ਸਤਿਗੁਰੂ ਮੇਰੇ ਸਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹੀ ਅੰਮ੍ਰਿਤ ਬਾਣੀ ਰੂਪੀ ਅਮੋਘ ਬਾਣ ਅਤੇ ਅਮੋਲਕ ਰਤਨ ਹਨ। ਜੋ ਇਹਨਾਂ ਬਚਨਾਂ ਨੂੰ ਸੁਣਦਾ ਪੜ੍ਹਦਾ ਹੈ, ਸੋ ਹਰ ਰਸ ਦੇ ਗਟਾਕ ਛਾਂਦੇ ਛਕਦਾ ਹੈ। ਐਰੇ ਗੈਰੇ ਅਲਪਗ ਗੁਰੂਆਂ ਵਾਲੇ ਅਰਲ ਬਰਲ ਕਚ ਪਿਚੇ ਬਚਨ ਥੋੜੇ ਹਨ।

ਇਹਨਾਂ ਦੇ ਸੁਣਨ ਹਾਰੇ ਭੀ ਕਚੇ, ਪੜ੍ਹਨ ਹਾਰੇ ਭੀ ਕਚੇ ਅਤੇ ਆਖ ਵਖਾਣ ਹਾਰੇ ਭੀ ਕਚੇ। ਕੋਈ ਵਡਭਾਗੀ ਜਨ ਹੀ ਵਿਰਲੇ ਗੁਰਮੁਖ ਖਾਲਸਾ ਹਨ, ਜਿਨ੍ਹਾਂ ਨੇ ਸਤਿਗੁਰੂ ਦੇ ਬਚਨਾਂ ਦੇ ਸ਼ਰਧਾਲੂ ਅਤੇ ਅਨੁਸਾਰੀ ਹੋਇ ਕੇ (ਗੁਰ ਭਾਇ ਚਲਕੇ) ਹਰੀ ਰਸ ਦੇ ਅੰਮ੍ਰਿਤ ਗ਼ਟਾਕ ਭੁੰਚੇ ਹਨ। ਇਹ ਹਰ ਰਾਸ ਰੂਪੀ ਅੰਮ੍ਰਿਤ ਤਾਂ ਵਣਿ ਤ੍ਰਿਣ ਤ੍ਰਿਭਵਣ ਵਿਖੇ ਸਾਰੇ ਹੀ ਭਰਪੂਰ ਹੈ, ਪਰੰਤੂ ਭਾਗ ਹੀਣ ਤੋਂ ਭੁੰਚਿਆ ਨਹੀਂ ਜਾਂਦਾ। ਬਿਨਾਂ ਸਤਿਗੁਰੂ ਦੇ ਇਹ ਪਲੇ ਹੀ ਨਹੀਂ ਪੈਂਦਾ। ਗੁਰਾਂ ਤੋਂ ਬੇ-ਮੁਖ ਮਨਮਤ ਧਾਰੀ ਨਿਗੁਰੇ ਪੁਰਸ਼ ਬਥੇਰੇ ਬਿਲਲਾਇ ਥਕੇ ਹਨ।

ਉਹ ਸਚੇ ਸਤਿਗੁਰੂ ਅਗੇ ਨਿਵੰਦੇ ਨਹੀਂ। ਰਿਦਿਓਂ ਨਹੀਂ ਨਿਉਂਦੇ। ਰਿਦਿਓਂ ਤਾਂ ਤਦ ਨਿਵਣ ਜੇ ਉਹ ਸ੍ਰੀ ਦਸਮੇਸ਼ ਜੀ ਦੀ ਆਗਿਆ ਅਨੁਸਾਰ ਸਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਦਸਮੇਸ਼ ਜੀ ਦਾ ਥਾਪਿਆ ਟਿਕਿਆ ਹੋਇਆ ਗੁਰਦੇਵ ਗੁਰੂ ਪਰਗਟ ਗੁਰਾਂ ਕੀ ਦੇਹ ਸਮਝਣ ਅਤੇ ਮਨ ਬਚ ਕਰਮ ਕਰਕੇ ਸਮਝਣ। ਉਹ ਤਾਂ ਕਿਸੇ ਹੋਰ ਦੇਹ ਧਾਰੀ ਅਲਪਗ ਆਦਮੀ ਨੂੰ ਗੁਰੂ ਥਾਪੀ ਬੈਠੇ ਹਨ ਯਾ ਖੁਦ ਸਿਮਰਨ ਦਾਤੇ ਗੁਰੂ ਬਣੇ ਬੈਠੇ ਹਨ। ਉਹਨਾਂ ਦੇ ਅੰਦਰ ਗੁਰੂ ਸਚੇ ਸਤਿਗੁਰੂ ਦੀ ਹਮਸਰੀ ਵਾਲਾ ਹੰਕਾਰ ਸ਼ਰੀਕਾ ਈਰਖਾ ਅਤੇ ਈਰਖਾ ਤੋਂ ਉਪਜਿਆ ਕਰੋਧ ਸਮਾਇਆ ਹੋਇਆ ਹੁੰਦਾ ਹੈ। ਜੇ ਕੋਈ ਉਹਨਾਂ ਨੂੰ ਕਹੇ ਅਤੇ ਸੁਮੱਤੇ ਲਾਵੇ ਕਿ ਗੁਰੂ ਡੰਮਵਾਲੀ ਇਸ ਰੋਗ ਬੀਮਾਰੀ ਤੋਂ ਅਰੋਗ ਹੋਣ ਦਾ ਹੀਲਾ ਕਰੋ ਤਾਂ ਉਹ ਸਗੋਂ ਹੋਰ ਕਰੋਧ ਕਰਦੇ ਹਨ ਅਤੇ ਕਰੋਧਤ ਹੋਕੇ ਅਗਿਓਂ ਹੋਰ ਕੁਬਚਨ ਬੋਲਣ ਲਗ ਜਾਂਦੇ ਹਨ। ਉਹਨਾਂ ਅੰਦਰ ਕਰੋਧ ਦੀ ਬਲਾ ਵਸੀ ਹੋਈ ਹੁੰਦੀ ਹੈ। ਕਰੋਧ ਰੂਪੀ ਬਲ ਦੇ ਗਰਸੇ ਹੋਏ ਮਤਹੀਣਾਂ ਦੀ ਮਤ ਮਾਰੀ ਜਾਂਦੀ ਹੈ। ਅਜਿਹੇ ਅਨੇਕਾਂ ਗੁਰ ਪੀਰ ਚੇਲੇ ਮੁਰੀਦ ਬਣ ਬੈਠੇ ਹਨ। ਪਰੰਤੂ ਵਾਹਿਗੁਰੂ ਨੂੰ ਮਿਲਾਵਨ ਹਾਰਾ ਸਚਾ ਸਜਣ ਪੁਰਖ ਇਕੋ ਸਤਿਗੁਰੂ ਸਚਾ ਪਾਤਸ਼ਾਹ ਹੈ। ਜਿਸ ਜੇਵਡ ਹੋਰ ਕੋਈ ਦੇਹਧਾਰੀ ਮਨੁਖ ਨਹੀਂ ਹੋ ਸਕਦਾ, ਭਾਵੇਂ ਲਖ ਪਰਪੰਚ ਰਚੇ ਆਪਣੇ ਸਿਮਰਨ ਦਾਤਾ ਹੋਣਦੀਆਂ ਲਖ ਰੀਸਾਂ ਕਰੇ। ਸਚੇ ਗੁਰੂ ਦੇ ਬਚਨ ਦੀ ਵਡਿਆਈ ਫੇਰ ਇਸ ਬਿਧ ਗੁਰਬਾਣੀ ਅੰਦਰ ਗਾਈ ਗਈ ਹੈ।

ਯਥਾ ਗੁਰਵਾਕ

'ਗੁਰ ਕੈ ਬਚਨਿ ਮੋਹਿ ਪਰਮਗਤਿ ਪਾਈ ॥
ਗੁਰਿ ਪੂਰੈ ਮੇਰੀ ਪੈਜ ਰਖਾਈ ॥੧॥
ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ॥
ਗੁਰ ਪਰਸਾਦਿ ਮੁਹਿ ਮਿਲਿਆ ਥਾਉ ॥੧॥ ਰਹਾਉ ॥



www.AKJ.Org

# ਸਿਮਰਨ ਦਾਤਾ ਸਤਿਗੁਰੂ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਕਿਸ਼ਤ ਨੰ: ੭

ਵਾਹਿਗੁਰੂ ਰੂਪੀ ਜਹਾਜ਼ ਤੇ ਚੜ੍ਹਨ ਲਈ ਸਤਿਗੁਰੂ ਰੂਪੀ ਬੇੜੀ ਹੀ ਸਹਾਈ ਹੈ, ਜੋ ਪੁਰਸ਼ ਸਤਿਗੁਰੂ ਦੇ ਹੁਕਮ ਰੂਪੀ ਭਾਣੇ ਅੰਦਰ ਚਲਦੇ ਹਨ ਅਤੇ ਸਤਿਗੁਰੂ ਨੂੰ ਮਨ ਬਚ ਕ੍ਰਮ ਕਰਕੇ ਸਤਿਗੁਰੂ ਰੂਪ ਹੀ ਮਨਦੇ ਹਨ ਉਹ ਬੇੜੀ ਵਿਚ ਆ ਬੈਠਦੇ ਹਨ ਅਤੇ ਬੇੜੀ ਵਿਚ ਬੈਠਕੇ ਵਾਹਿਗੁਰੂ ਰੂਪੀ ਜਹਾਜ਼ ਵਿਚ ਅਸਵਾਰ ਹੁੰਦੇ ਹਨ। ਉਹ ਵਡਭਾਗੀ ਧੰਨ ਧੰਨ ਹਨ ਜਿਨ੍ਹਾਂ ਨੂੰ ਸਤਿਗੁਰੂ ਸਚਾ ਸਿਮਰਨ ਦੀ ਦਾਤਿ ਬਖਸ਼ ਕੇ ਵਾਹਿਗੁਰੂ ਨਾਲ ਮਿਲਾਇ ਲੈਂਦਾ ਹੈ।

ਯਥਾ ਗੁਰਵਾਕ

"ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥
ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿਜਾਉ ॥
ਬਿਨੁ ਸਤਿਗੁਰ ਹਰਿ ਨਾਮ ਨ ਲਭਈ ਲਖ ਕੋਟੀ ਕਰਮ ਕਮਾਉ ॥੨॥
ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆਂ ਨਿਕਟਿ ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥
ਸਤਿਗੁਰੁ ਬੋਹਿਥ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰ ਲਾਏ ਮਿਲਾਇ ॥੪॥
(ਸ੍ਰੀ ਰਾਗ ਮ: ੪)

ਸਤਿਗੁਰੂ ਦੀ ਸਚੀ ਸੁਚੀ ਪਛਾਣ ਇਕ ਇਹ ਹੈ ਕਿ ਉਸ ਨੂੰ ਮਿਲ ਕੇ ਹਰਿ ਗੁਣ ਰਵੀਦੇ ਹਨ, ਹਰਿ ਗੁਣ ਧਾਰੀਏ ਸੰਵਾਰੀਦੇ ਹਨ। ਜਿਸ ਨੂੰ ਭੇਟ-ਦਿਆਂ, ਜਿਸ ਦਾ ਦਰਸ਼ਨ ਪਰਸਦਿਆਂ ਗੁਣੀ ਅਕਾਲ ਪੁਰਖ ਦੀ ਗੁਣਾਂ ਰੂਪੀ ਗੁਰਬਾਣੀ ਦਾ ਅੰਮ੍ਰਿਤ ਰਸਾਉਣੀ ਪਾਰਸ ਪਰਸੀਦਾ ਹੈ ਸੋਈ ਸਜਣ ਸਚਾ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਜਦੋਂ ਭੀ ਇਸ ਗੁਰੂ ਪਾਤਸ਼ਾਹ ਨੂੰ ਪਰਸੋਗੇ ਤਦੋਂ ਹੀ ਇਸ ਦੁਆਰਿਓਂ ਅੰਮ੍ਰਿਤ ਬਾਣੀ ਦਾ ਸੋਮਾ ਹੀ ਸੰਚਤ ਹੋਵੇਗਾ।

ਯਥਾ ਗੁਰਵਾਕ

'ਭਾਈ ਰੇ ਮਿਲਿ ਸਜਣ ਹਰਿਗੁਣ ਸਾਰਿ ॥



www.AKJ.Org

ਸਜਣੁ ਸਤਿਗੁਰੁ ਪੁਰਖੁ ਹੈ ਦਖੁ ਕਢੈ ਹਉਮੈ ਮਾਰਿ ॥
.......ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰੁ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥
(ਸਿਰੀ ਰਾਗ ਮ: ੪)

ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ ॥
(ਸਿਰੀ ਰਾਗ ਮ: ੫)

ਸਤਿਗੁਰੂ ਮੇਰੇ ਸਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹੀ ਅੰਮ੍ਰਿਤ ਬਾਣੀ ਰੂਪੀ ਅਮੋਘ ਬਾਣ ਅਤੇ ਅਮੋਲਕ ਰਤਨ ਹਨ। ਜੋ ਇਹਨਾਂ ਬਚਨਾਂ ਨੂੰ ਸੁਣਦਾ ਪੁਛਦਾ ਹੈ, ਸੋ ਹਰ ਰਸ ਦੇ ਗਟਾਕ ਛਾਂਦੇ ਛਕਦਾ ਹੈ। ਐਰੇ ਗੈਰੇ ਅਲਪਗ ਗੁਰੂਆਂ ਵਾਲੇ ਅਰਲ ਬਰਲ ਕਚ ਪਿਚੇ ਬਚਨ ਥੋੜੇ ਹਨ।

ਇਹਨਾਂ ਦੇ ਸੁਣਨ ਹਾਰੇ ਭੀ ਕਚੇ, ਪੜ੍ਹਨ ਹਾਰੇ ਭੀ ਕਚੇ ਅਤੇ ਆਖ ਵਖਾਣ ਹਾਰੇ ਭੀ ਕਚੇ। ਕੋਈ ਵਡਭਾਗੀ ਜਨ ਹੀ ਵਿਰਲੇ ਗੁਰਮੁਖ ਖਾਲਸਾ ਹਨ, ਜਿਨ੍ਹਾਂ ਨੇ ਸਤਿਗੁਰੂ ਦੇ ਬਚਨਾਂ ਦੇ ਸ਼ਰਧਾਲੂ ਅਤੇ ਅਨੁਸਾਰੀ ਹੋਇ ਕੇ (ਗੁਰ ਭਾਇ ਚਲਕੇ) ਹਰੀ ਰਸ ਦੇ ਅੰਮ੍ਰਿਤ ਗ਼ਟਾਕ ਭੁੰਚੇ ਹਨ। ਇਹ ਹਰ ਰਾਸ ਰੂਪੀ ਅੰਮ੍ਰਿਤ ਤਾਂ ਵਣਿ ਤ੍ਰਿਣ ਤ੍ਰਿਭਵਣ ਵਿਖੇ ਸਾਰੇ ਹੀ ਭਰਪੂਰ ਹੈ, ਪਰੰਤੂ ਭਾਗ ਹੀਣ ਤੋਂ ਭੁੰਚਿਆ ਨਹੀਂ ਜਾਂਦਾ। ਬਿਨਾਂ ਸਤਿਗੁਰੂ ਦੇ ਇਹ ਪਲੇ ਹੀ ਨਹੀਂ ਪੈਂਦਾ। ਗੁਰਾਂ ਤੋਂ ਬੇ-ਮੁਖ ਮਨਮਤ ਧਾਰੀ ਨਿਗੁਰੇ ਪੁਰਸ਼ ਬਥੇਰੇ ਬਿਲਲਾਟਿ ਥਕੇ ਹਨ।

ਉਹ ਸਚੇ ਸਤਿਗੁਰੂ ਅਗੇ ਨਿਵੰਦੇ ਨਹੀਂ। ਰਿਦਿਓਂ ਨਹੀਂ ਨਿਉਂਦੇ। ਰਿਦਿਓਂ ਤਾਂ ਤਦ ਨਿਵਣ ਜੇ ਉਹ ਸ੍ਰੀ ਦਸਮੇਸ਼ ਜੀ ਦੀ ਆਗਿਆ ਅਨੁਸਾਰ ਸਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਦਸਮੇਸ਼ ਜੀ ਦਾ ਥਾਪਿਆ ਟਿਕਿਆ ਹੋਇਆ ਗੁਰਦੇਵ ਗੁਰੂ ਪਰਗਟ ਗੁਰਾਂ ਕੀ ਦੇਹ ਸਮਝਣ ਅਤੇ ਮਨ ਬਚ ਕਰਮ ਕਰਕੇ ਸਮਝਣ। ਉਹ ਤਾਂ ਕਿਸੇ ਹੋਰ ਦੇਹ ਧਾਰੀ ਅਲਪਗ ਆਦਮੀ ਨੂੰ ਗੁਰੂ ਥਾਪੀ ਬੈਠੇ ਹਨ ਯਾ ਖੁਦ ਸਿਮਤਨ ਦਾਤੇ ਗੁਰੂ ਬਣੇ ਬੈਠੇ ਹਨ। ਉਹਨਾਂ ਦੇ ਅੰਦਰ ਗੁਰੂ ਸਚੇ ਸਤਿਗੁਰੂ ਦੀ ਹਮਸਰੀ ਵਾਲਾ ਹੰਕਾਰ ਸ਼ਰੀਕਾ ਈਰਖਾ ਅਤੇ ਈਰਖਾ ਤੋਂ ਉਪਜਿਆ ਕਰੋਧ ਸਮਾਇਆ ਹੋਇਆ ਹੁੰਦਾ ਹੈ। ਜੇ ਕੋਈ ਉਹਨਾਂ ਨੂੰ ਕਹੇ ਅਤੇ ਸੁਮੱਤੇ ਲਾਵੇ ਕਿ ਗੁਰੂ ਡੰਮਵਾਲੀ ਏਸ ਰੋਗ ਬੀਮਾਰੀ ਤੋਂ ਅਰੋਗ ਹੋਣ ਦਾ ਹੀਲਾ ਕਰੋ ਤਾਂ ਉਹ ਸਗੋਂ ਹੋਰ ਕਰੋਧ ਕਰਦੇ ਹਨ ਅਤੇ ਕਰੋਧਤ ਹੋਕੇ ਅਗਿਓਂ ਹੋਰ ਕੁਬਚਨ ਬੋਲਣ ਲਗ ਜਾਂਦੇ ਹਨ। ਉਹਨਾਂ ਅੰਦਰ ਕਰੋਧ ਦੀ ਬਲਾ ਵਸੀ ਹੋਈ ਹੁੰਦੀ ਹੈ। ਕਰੋਧ ਰੂਪੀ ਬਲ ਦੇ ਗਰਸੇ ਹੋਏ ਮਤਹੀਣਾਂ ਦੀ ਮਤ ਮਾਰੀ ਜਾਂਦੀ ਹੈ। ਅਜਿਹੇ ਅਨੇਕਾਂ ਗੁਰ ਪੀਰ ਚੇਲੇ ਮੁਰੀਦ ਬਣ ਬੈਠੇ ਹਨ। ਪਰੰਤੂ ਵਾਹਿਗੁਰੂ ਨੂੰ ਮਿਲਾਵਨ ਹਾਰਾ ਸਚਾ ਸਜਣ ਪੁਰਖ ਇਕੋ ਸਤਿਗੁਰੂ ਸਚਾ ਪਾਤਸ਼ਾਹ ਹੈ। ਜਿਸ ਜੇਵਡ ਹੋਰ ਕੋਈ ਦੇਹਧਾਰੀ ਮਨੁਖ ਨਹੀਂ ਹੋ ਸਕਦਾ, ਭਾਵੇਂ ਲਖ ਪਰਪੰਚ ਰਚੇ ਆਪਣੇ ਸਿਮਰਨ ਦਾਤਾ ਹੋਣਦੀਆਂ ਲਖ ਰੀਸਾਂ ਕਰੇ। ਸਚੇ ਗੁਰੂ ਦੇ ਬਚਨ ਦੀ ਵਡਿਆਈ ਫੇਰ ਇਸ ਬਿਧ ਗੁਰਬਾਣੀ ਅੰਦਰ ਗਾਈ ਗਈ ਹੈ।

ਯਥਾ ਗੁਰਵਾਕ

'ਗੁਰ ਕੈ ਬਚਨਿ ਮੋਹਿ ਪਰਮਗਤਿ ਪਾਈ ॥
ਗੁਰਿ ਪੂਰੈ ਮੇਰੀ ਪੈਜ ਰਖਾਈ ॥੧॥
ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ॥
ਗੁਰ ਪਰਸਾਦਿ ਮੁਹਿ ਮਿਲਿਆ ਥਾਉ ॥੧॥ ਰਹਾਉ ॥



www.AKJ.Org

ਕਮਾਈ ਵਿਚ ਹੈ। ਇਸ ਤੋਂ ਬਿਨਾਂ ਹੋਰ ਰਿਧ ਸਿਧ ਸਭ ਮੋਹ ਰੂਪ ਹੈ, ਜਿਸਦੇ ਵਿਚ ਖਚਤ ਹੋਣ ਕਰ ਨਮੂਦ ਮਾਤਰ ਨਿੰਮ੍ਹਿਆ ਨਾਮ ਭੀ ਮਨ ਵਿਚੋਂ ਨਿਕਲ ਜਾਂਦਾ ਹੈ।

ਯਥਾ ਗੁਰਵਾਕ

''ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ''

ਜਿਨ੍ਹਾਂ ਦੇ ਅੰਦਰ ਨਾਮ ਵਸ ਰਸ ਗਿਆ,'ਜਿਨ੍ਹਾਂ ਦੇ ਅੰਦਰ ਨਾਮ ਦਾ ਅੰਤਰ ਨਿਵਾਰਨੀ ਰਸ ਆ ਗਿਆ ਤਿਨਾ ਨੂੰ ਰਿਧਿ ਸਿਧਿ ਦੀ ਕੁਚੇਸ਼ਟਾ ਹੀ ਨਹੀਂ ਵਿਆਪਦੀ। ਦਾਤੇ ਦੇ ਰਚਤ ਜੀਵ ਅਲਪਗ ਮਨੁਖ ਦਾਤੇ ਦੀਆਂ ਦਿਤੀਆਂ ਦਾਤਾਂ ਦੀ ਸੰਭਾਲ ਤਾਂ ਕਰ ਸਕਦੇ ਨਹੀਂ। ਹੋਰ ਅਲਪੱਗ ਦਾਤ ਮੰਗਤਿਆਂ ਦੀਆਂ ਫੁਲੋਹਣੀਆਂ ਦੇ ਫੁਲਾਏ ਬਫਾਏ ਹੋਏ ਅਣਹੋਏ ਦਾਤੇ ਬਣ ਬਣ ਬਹਿੰਦੇ ਹਨ। ਰਿਜ਼ਕ ਦਾ ਦਾਤਾ, ਦੁਧ ਪੁਤ ਦਾ ਦਾਤਾ, ਸੁਆਰਥ ਪਰਮਾਰਥ ਸਿਧੀ ਦਾ ਦਾਤਾ, ਧਰਮ, ਅਰਥ ਕਾਮ ਮੋਖ ਦਾ ਦਾਤਾ, ਆਪ ਗੁਰੂ ਕਰਤਾਰ ਹੈ। ਜੀਅ ਜੀਵਨ ਦਾ ਦਾਤਾ, ਮਨੁਖ ਜਨਮ ਦਾ ਦਾਤਾ ਭੀ ਆਪ ਦਾਤਾਰ ਸਤਿਗੁਰੂ ਨਿਰੰਕਾਰ ਹੀ ਹੈ। ਪਰ ਇਹ ਦਾਤ ਰੂਪ ਮਨੁਖ ਜੀਵੜੇ ਮੰਗਤੇ, ਇਹਨਾਂ ਸਭ ਵਥੂਆਂ ਦੇ ਦਾਤੇ ਆਪਣੇ ਆਪ ਨੂੰ ਹੀ ਕਿਆਸ ਕਰ ਬਹਿੰਦੇ ਹਨ। ਕਿਤਨੀ ਰਸਾਤਲ ਨੂੰ ਜਾਣ ਵਾਲੀ ਗਲ ਹੈ। ਖਾਸ ਕਰ ਸਭ ਤੋਂ ਵਡੀ ਦਾਤ ਸਿਮਰਨ ਦਾਤ ਦਾ ਦਾਤਾਰ ਬਣ ਬੈਠਣਾ ਤਾਂ ਅਲਪੱਗ ਮਨੁਖ ਲਈ ਅਤੀਅੰਤ ਹੀ ਰੋੜਨ ਅਤੇ ਗਈ ਨਾ ਬਹੋੜਨ ਵਾਲੀ ਗਲ ਹੈ।

ਨਾਮ ਰੂਪੀ ਸਚਾ ਨਿਧਾਨ ਸਤਿਗੁਰੂ ਸਰਬੱਗ ਦੇ ਦਿਬ ਦੈਵੀ ਸਰੂਪ ਦੇ ਅੰਦਰ ਹੈ। ਇਹ ਨਾਮ ਰੂਪੀ ਨਿਧਾਨ ਸਤਿਗੁਰੂ ਤੇ ਹੀ ਪਰਾਪਤ ਹੁੰਦਾ ਹੈ, ਪਰ ਕਰਮਾਂ ਸੇਤੀ ਹੁੰਦਾ ਹੈ। ਗੁਰਮੁਖ ਸੇਵਕ ਸਿਖ ਸੰਤ ਜਨਮ ਸਤਿਗੁਰਾਂ ਪਾਸੋਂ ਨਾਮ ਦੀ ਦਾਤ ਲੈ ਕੇ ਖੁਦ ਨਾਮ ਦੇ ਦਾਤੇ ਨਹੀਂ ਬਣ ਬੈਠਦੇ, ਉਹ ਤਾਂ ਸਤਿਗੁਰ ਦਾਤਾਰ ਪਾਸੋਂ ਸ਼ਬਦ ਸਿਮਰਨ ਦੀ ਦਾਤ ਲੈ ਕੇ ਇਸ ਦਾਤ ਕਮਾਈ ਦੀ ਪਾਰਸ ਕਲਾ ਨਾਲ ਪਰਸਤ ਹੋਕੇ ਸ਼ਬਦ ਰੰਗਾਂ ਦੀ ਸਚੀ ਰੰਗਣ ਵਿਚ ਰੰਗੇ ਜਾਂਦੇ ਹਨ ਅਤੇ ਸਚੀ ਅਤੇ ਸਦੀਵੀ ਲਿਵਲੀਨਤਾ ਨੂੰ ਪਰਾਪਤ ਹੋ ਜਾਂਦੇ ਹਨ। ਲਿਵਲੀਨ ਹੋ ਕੇ ਭੀ ਸਿਮਰਨ ਦਾਤਿ ਸਿਮਰਾਉਣ ਦੇ ਅਧਿਕਾਰੀ ਦਾਅਵੇਦਾਰ ਨਹੀਂ ਬਣਦੇ।

ਯਥਾ ਗੁਰਵਾਕ :–

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ,
ਪਰਾਪਤ ਹੋਇ॥ ਸਚਿ ਰਤੇ ਗੁਰ ਸਬਦ ਸਿਉ
ਤਿਨ ਸਚੀ ਸਦਾ ਲਿਵ ਹੋਇ॥

ਸਿਖ ਰੂਪ ਸੰਤ ਸਾਧ ਮਹੰਤ ਸਿਮਰਨ ਦਾਤੇ ਨਹੀਂ ਹੋ ਸਕਦੇ। ਸਤਿਗੁਰੂ ਰੂਪ ਸਾਧ ਸੰਤ ਹੀ ਸਿਮਰਨ ਦਾਤੇ ਹਨ। ਸਿਮਰਨ ਦਾਤੇ ਐਸੇ ਸਤਿਗੁਰੂ ਰੂਪ ਸਾਧ ਜਾਪੇ ਬਸ ਕੇਵਲ ਜਸੋ ਗੁਰੂ ਪਾਤਸ਼ਾਹੀ ਜਾਮੇ ਹੀ ਹਨ। ਹੋਰ ਕੋਈ ਟਿੱਲਾ ਦੇਹ ਧਾਰੀ ਸਾਧ ਸੰਤ ਗੁਰੂ ਸਦਰਸ਼ ਨਹੀਂ ਹੋ ਸਕਦਾ। ਪੰਚ ਪਰਵਾਨ ਜਨਾਂ ਦੇ ਅੰਦਰ ਗੁਰੂ ਜੋਤਿ ਕਲਾ ਵਰਤਦੀ ਹੈ, ਪਰ ਇਹਨਾਂ ਪੰਚਾ ਦੁਆਰਾ ਗੁਰ ਕਲਾ ਵਰਤਦੀ ਹੈ, ਕੇਵਲ ਦਸਾਂ ਗੁਰੂਆਂ ਦੇ ਸਚੇ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਹਜ਼ੂਰੀ ਵਿਚ। ਐਸੇ ਸਤਿਗੁਰੂ ਰੂਪ ਸਾਧਾਂ ਦੀ ਕੀ ਨਿਸ਼ਾਨੀ ਹੈ।

ਯਥਾ ਗੁਰਵਾਕ

''ਤੇ ਸਾਧੂ ਹਰਿ ਮੇਲਹੁ ਸੁਆਮੀ ਜਿਨ ਜਪਿਆ
ਗਤਿ ਹੋਇ ਹਮਾਰੀ॥ ਤਿਨ ਕਾ ਦਰਸੁ ਦੇਖਿ ਮਨੁ
ਬਿਗਸੈ ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ।੧।
ਤਿਨ ਮਤਿ ਉਤਮ ਤਿਨ ਪਤਿ ਉਤਮ ਜਿਨ ਕੈ
ਹਿਰਦੈ ਵਸਿਆ ਬਨਵਾਰੀ॥ ਤਿਨ ਕੀ ਸੇਵਾ ਲਾਇ
ਹਰਿ ਸੁਆਮੀ ਤਿਨ ਸਿਮਰਤ ਗਤਿ ਹੋਇ ਹਮਾਰੀ
॥੨॥ ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ
ਹਰਿ ਦਰਗਹ ਕਾਢੇ ਮਾਰੀ॥ ਤੇ ਨਰ ਨਿੰਦਕ ਸੋਭ
ਨ ਪਾਵਹਿ ਤਿਨ ਨਕ ਕਾਟੇ ਸਿਰਜਨਹਾਰੀ॥੩॥
(ਚਲਦਾ) (ਭੈਰਉ ਮ: ੪)



www.AKJ.Org

# ਕੇਸ ਕਿਉਂ ?

ਡਾ: ਤੇਜਇੰਦਰ ਸਿੰਘ ਜੀ ਭੁਪਾਲ

ਕਿਸ਼ਤ ਨੰ: ੨

## ਅੰਮ੍ਰਿਤ ਦੀ ਲੋੜ

ਕੋਈ ਵੀ ਧਰਮ ਗ੍ਰਹਿਣ ਕਰਨ ਲਈ ਕਿਸੇ ਨ ਕਿਸੇ ਕਿਸਮ ਦਾ ਧਰਮ ਸੰਸਕਾਰ ਰੂਪੀ ਪਾਸਪੋਰਟ ਦਾ ਹੋਣਾ ਅਤਯੰਤ ਜ਼ਰੂਰੀ ਹੈ। ਇਸ ਤਰਾਂ ਹਰ ਧਰਮ ਵਿਚ ਪ੍ਰਵੇਸ਼ ਕਰਨ ਲਈ ਉਸਦਾ ਆਪਣਾ ਤਰੀਕਾ, ਯੋਗਤਾਵਾਂ ਜਾਂ ਸ਼ਰਤਾਂ ਹੁੰਦੀਆਂ ਹਨ, ਅਤੇ ਸਿਖ ਧਰਮ ਦੇ ਆਪਣੇ ਤਰੀਕੇ ਹਨ। ਗੁਰੂ ਨਾਨਕ ਦੇਵ ਜੀ ਦਾ ਸਿਖ ਬਣਾਉਣ ਦਾ ਪਾਹੁਲ ਜਾਂ ਅੰਮ੍ਰਿਤ ਅਖਵਾਉਂਦਾ ਹੈ। (ਇਸ ਨੂੰ ਦੀਖਿਆ ਜਾਂ ਗੁਰਮੰਤਰ ਵੀ ਕਿਹਾ ਜਾਂਦਾ ਹੈ)। ਇਹ 'ਇਕ' ਤਿਨ ਭਾਗਾਂ ਦਾ ਸਮਿਲਤ ਹੈ।

## (ੳ) ਚਰਨ ਅਮ੍ਰਿਤ (ਚਰਨਾਂਮ੍ਰਤ)

ਇਹ ਪਹਿਲਾਂ ਜ਼ਰੂਰੀ ਚੀਜ਼ ਸੀ ਜੇਹੜੀ ਸਿਖ ਨੂੰ ਲੈਣੀ ਪੈਂਦੀ ਸੀ। ਮਹਾਨ ਗੁਰੂ ਦੇ ਸਭ ਤੋਂ ਪਾਵਨ ਚਰਨ ਕੰਵਲਾਂ ਦੇ ਪਵਿਤਰ ਜਲ (ਚਰਨ ਅੰਮ੍ਰਿਤ) ਤੋਂ ਬਿਨਾਂ ਕਿਸੇ ਵਿਆਕਤੀ ਦਾ ਸਿਖ ਬਣਨਾਂ ਤਾਂ ਇਕ ਪਾਸੇ ਰਿਹਾ, ਉਹ ਇਸ ਸਬੰਧੀ ਸੋਚ ਵੀ ਨਹੀਂ ਸੀ ਸਕਦਾ। ਇਸ ਤਰਾਂ ਚਰਨ ਅੰਮ੍ਰਿਤ ਲੈਣ ਨਾਲ

## ਗੁਰੂ-ਸਿਖ ਦਾ ਰਿਸ਼ਤਾ

ਬਣ ਜਾਂਦਾ ਸੀ। ਅੰਮ੍ਰਿਤ ਇਨ੍ਹਾਂ ਦੋਹਾਂ ਨੂੰ ਅਧਿਆਤਮਕ ਤੌਰ ਤੇ ਜੋੜਨ ਦਾ ਇਕ ਸਾਧਕ ਕਿਹਾ ਜਾ ਸਕਦਾ ਹੈ। ਅਤੇ ਉਹਨਾਂ ਨੂੰ ਇਕ ਮਾਂ ਦੇ ਪੇਟੋਂ ਜਮੇਂ ਬਚਿਆਂ ਨਾਲੋਂ ਵੀ ਵਧ ਨੇੜੇ ਲੈ ਆਉਂਦਾ ਹੈ। ਇਹ ਚਰਨ-ਅੰਮ੍ਰਿਤ ਗੁਰੂ ਜੀ ਵਲੋਂ ਇਕ ਵਿਸ਼ੇਸ਼ ਮਰਯਾਦਾ (ਰਹਿਰਾਸ = ਮਰਯਾਦਾ) ਦੁਆਰਾ ਦਿੱਤਾ ਜਾਂਦਾ ਸੀ।

"ਸੁਣੀ ਪੁਕਾਰ ਦਾਤਾਰ ਪ੍ਰਭੂ ਗੁਰ ਨਾਨਕ ਜਗ ਮਾਹਿ ਪਠਾਯਾ।
ਚਰਨ ਧੋਇਰਹਿ ਰਾਸਿ ਕਰ ਚਰਨਾਮ੍ਰਤ ਸਿਖਾਂ ਪੀਲਾਯਾ
ਭਾਈ ਗੁਰਦਾਸ।

## (ਅ) ਦੀਖਿਆ ਜਾਂ ਦਿਕਸ਼ਾ ਜਾਂ ਸਿਖ ਬਣਨ ਵੇਲੇ ਦਿੱਤੀਆਂ ਜਾਣ ਵਾਲੀਆਂ ਸਿਖਿਆਵਾਂ :—

ਇਸ ਵਿਚ ਉਕਤ ਰਸਮ ਅਦਾ ਕਰਨ ਸਮੇਂ ਦਿਤੀਆਂ ਗਈਆਂ ਤਦ-ਅਰਥੀ ਸਿਖਿਆਵਾਂ ਸ਼ਾਮਲ ਸਨ। ਇਹ ਰਸਮ ਅਦਾ ਕਰਨੀ ਵੀ ਚਰਨ-ਅੰਮ੍ਰਿਤ



www.AKJ.Org

ਵਾਂਗ ਹੀ ਜ਼ਰੂਰੀ ਸੀ। ਕਿਉਂਕਿ ਇਸ ਤੋਂ ਬਿਨਾਂ ਹਰ ਇਕ ਵਿਅਕਤੀ ਨਰਕ ਦਾ ਭਾਗੀ ਬਣ ਜਾਂਦਾ ਹੈ। "ਬਿਨ ਦੀਖਿਆ ਗੁਰਦੇਵ ਕੀ ਮਰ ਜਨਮੇ ਨਰਕ ਵਿੱਚ ਪਵਾਸੀ"

ਭਾਈ ਗੁਰਦਾਸ

ਸਿਖ ਬਣਾਉਣ ਸਮੇਂ ਦਿੱਤੀ ਜਾਂਦੀ ਇਹ ਸਿਖਿਆ ਇੰਨੀ ਜ਼ਰੂਰੀ ਹੈ

**ਕਿ ਇਹ ਪਵਿਤਰ-ਸਿਖਿਆ ਗੁਰੂ ਤੋਂ ਪ੍ਰਾਪਤ ਕੀਤੇ ਬਿਨ੍ਹਾਂ ਕੋਈ ਵਿਅਕਤੀ ਵੀ ਸਿਖ ਨਹੀਂ ਬਣ ਸਕਦਾ।**

ਇਥੋਂ ਤਕ ਕੇ ਅੰਗਦ ਦੇਵ ਜੀ (ਜਿਨ੍ਹਾਂ ਦਾ ਨਾਂ ਉਸ ਵਕਤ ਭਾਈ ਲਹਿਣਾ ਸੀ) ਵਰਗੇ ਮਹਾਨ ਵਿਅਕਤੀ ਨੂੰ ਵੀ ਸਿਖ ਅਖਵਾਉਣ ਤੋਂ ਪਹਿਲਾਂ ਇਹ ਇਹ ਸਿਖਿਆ ਲੈਣੀ ਪਈ।

"ਗੁਰ ਦੀਖਿਆ ਲੈ ਸਿਖ ਸਿੱਖ ਸਦਾਇਆ"

ਭਾਈ ਗੁਰਦਾਸ ਜੀ

## (ੲ) ਗੁਰਮੰਤਰ

ਗੁਰਮੰਤਰ ਉਸ ਸ਼ਬਦ ਜਾਂ ਉਹਨਾਂ ਸਬਦਾਂ ਨੂੰ ਕਿਹਾ ਜਾਂਦਾ ਹੈ ਜਿਹੜੇ, ਜਿਦਾਂ ਕੇ ਗੁਰਮੰਤਰ ਸ਼ਬਦ ਤੋਂ ਪ੍ਰਗਟ ਹੁੰਦਾ ਹੈ, ਗੁਰੂ ਵਲੋਂ ਸਿਖ ਨੂੰ ਗੁਪਤ ਤੌਰ ਤੇ ਕਨ ਵਿਚ ਦਸੇ ਜਾਂਦੇ ਸਨ, ਤੇ ਇਹ ਮੰਤਰ ਬਾਰ ਬਾਰ ਜਪਣ ਲਈ ਹੁੰਦਾ ਸੀ। ਇਹ ਸ਼ਬਦ ਸਿਖ ਨੂੰ ਕੇਵਲ ਸਿਖ ਬਣਾਉਣ ਸਮੇਂ ਹੀ ਦਸੇ ਜਾਂਦੇ ਹਨ। ਤੇ ਸਦਾ ਲਈ "ਅੰਧਲੇ ਕੀ ਟੇਕ" ਦਾ ਕੰਮ ਦਿੰਦੇ ਹਨ। ਇਹ ਸਭ ਨੂੰ ਪਤਾ ਹੈ ਕਿ ਸਿਖ ਗੁਰੂ ਸਾਹਿਬਾਨ ਦਾ ਗੁਰ-ਮੰਤਰ "ਵਾਹਿਗੁਰੂ" ਰਿਹਾ ਹੈ ਅਤੇ ਹੁਣ ਵੀ ਹੈ।

"ਧਰਮ ਸਾਲ ਕਰਤਾਰ ਪੁਰ ਸਾਧ ਸੰਗਤ ਸਚ ਖੰਡ ਵਸਾਇਆ॥

'ਵਾਹਿਗੁਰੂ ਗੁਰੁ ਸ਼ਬਦ ਸੁਣਾਯਾ।' ਭਾਈ ਗੁਰਦਾਸ ਜੀ,

ਗੁਰ-ਮੰਤਰ ਸ਼ਬਦ ਦੇ ਰੂਪ ਵਿਚ ਆਪਣੇ ਆਪ ਗੁਰੂ ਹੈ ਕਿਉਂਕਿ ਇਹ ਉਹ ਸਭ ਕੁਝ ਕਰਦਾ ਹੈ ਜੋ ਗੁਰੂ ਕਰਦਾ ਹੈ ਜਿਦਾਂ ਕਿ ਇਹ ਨਿਮਨ ਤੋਂ ਸਪਸ਼ਟ ਹੈ:—

ਇਹ ਕੂੜ ਦੀ ਕੰਧ ਹੈ ਜੋ ਮਨੁੱਖ ਨੂੰ ਰੱਬ ਨਾਲੋਂ ਵਖ ਕਰਦੀ ਹੈ।

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥"

ਜਪਜੀ ਸਾਹਿਬ

ਗੁਰਮੰਤਰ ਦੇ ਜਾਦੂ ਤੋਂ ਬਿਨਾਂ ਕੋਈ ਵੀ ਦੁਨਿਆਵੀ ਸ਼ਕਤੀ ਇਸ ਸੰਸਾਰ ਵਿਚ ਮਨੁੱਖ ਦੀ ਸਹਾਇਤਾ ਨਹੀਂ ਕਰ ਸਕਦੀ, ਕਿਉਂਕਿ ਇਹ ਕੇਵਲ ਗੁਰਮੰਤਰ ਹੀ ਹੈ ਜੋ ਹਉਮੈ ਦੀ ਅਟੁੱਟ ਕੰਧ ਨੂੰ ਤੋੜ ਸਕਣ ਦੇ ਸਮਰਥ ਹੈ।

"ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈ ਖੋਈ।"

ਭਾਈ ਗੁਰਦਾਸ

ਗੁਰ ਮੰਤਰ ਲੈਣ ਦੀ ਸਰਵ ਉਚ ਮਹਤੱਤਾ ਨਿਮਨ ਤੋਂ ਵੀ ਸਪਸ਼ਟ ਹੈ।

"ਮਾਂ ਗੁਭਨ ਜੀਅ ਜਾਣਦੀ ਪੁਤ ਸਪੁਤ ਹੋਵੈ ਸੁਖਦਾਈ
ਪੁਤ ਹੁੰਦੀ ਚੰਗੇਰੜੀ ਪਰ ਘਰ ਜਾਇ ਵਸਾਇ ਨ ਜਾਈ
ਧੀਅਹੁ ਸੱਪ ਸਕਾਰਥਾ ਜਾਉ ਜਣੇਂਦੀ ਜਣ ਜਣ ਖਾਈ
ਮਾਂ ਡਾਇਨ ਧੰਨ ਧੰਨ ਹੈ ਕਪਟੀ ਪੁਤੈ ਖਾਇ ਅਘਾਈ
ਬਾਮਣ ਗਾਈ ਖਾਇ ਸੱਪ ਫਲ ਗੁਰਮੰਤ੍ਰ ਸਵਾਇ ਪਿੜਾਈ"

(ਭਾਈ ਗੁਰਦਾਸ ਜੀ)

ਸਾਰਿਆਂ ਜੁਰਮਾਂ ਵਿੱਚੋਂ ਸਭ ਤੋਂ ਭੈੜਾ ਜੁਰਮ ਹਤਿਆ ਹੈ ਅਤੇ ਸਾਰਿਆਂ ਹਤਿਆਵਾਂ ਜੁਰਮਾਂ ਵਿੱਚੋਂ ਸਭ ਤੋਂ ਭੈੜੀ ਹੱਤਿਆ ਸੰਪਰਦਾਇਕ ਤੌਰ ਤੇ ਬ੍ਰਾਹਮਣ ਜਾਂ ਗਊ ਦੀ ਹੱਤਿਆ ਗਿਣੀ ਜਾਂਦੀ ਹੈ। ਜੇ ਬ੍ਰਾਹਮਣ ਜਾਂ ਗਊ ਦੀ ਹੱਤਿਆਂ ਸੱਪ ਵਰਗੇ ਨੀਚ ਦੁਆਰਾ ਵੀ ਕੀਤੀ ਜਾਂਦੀ ਹੈ, ਤਾਂ ਅਜਿਹੀ ਨੀਵੀਂ ਪ੍ਰਕਾਰ ਦਾ ਹਤਿਆਰਾ ਵੀ, ਉਸ ਵਿਅਕਤੀ ਤੋਂ ਭਲਾ



www.AKJ.Org

ਹੈ, ਜਹਿੜਾ ਗੁਰਮੰਤ੍ਰ ਲੈਣ ਲਈ ਆਪਣੇ ਗੁਰੂ ਕੋਲ ਨਹੀਂ ਗਿਆ। ਕਿਉਂਕਿ ਸੱਪ ਵੀ ਆਪਣੇ ਗੁਰ ਮੰਤਰ ਦਾ ਆਗਿਆਕਾਰ ਹੈ ਅਤੇ ਇਸ਼ਾਰਾ ਮਿਲਣ ਤੇ ਆਪਣੇ ਪਟਾਰੇ ਵਿਚ ਚਲਾ ਜਾਂਦਾ ਹੈ।

ਪਹਿਲਾਂ ਪਹਿਲ ਗੁਰਮੰਤਰ ਗੁਪਤ ਸ਼ਬਦ ਬਣਿਆ ਰਿਹਾ, ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਬੀੜ ਸੰਕਲਿਤ ਹੋ ਜਾਣ ਉਪਰੰਤ ਇਸਦਾ ਗਿਆਨ ਆਮ ਨੂੰ ਹੋ ਗਿਆ ਗੁਰਮੰਤਰ ਸ਼ਬਦ ਦੀ ਵਰਤੋਂ ਭੱਟਾਂ ਨੇ ਆਪਣੀਆਂ ਲਿਖਤਾਂ ਵਿੱਚ ਗੁਰੂ ਸਾਹਿਬਾਨ ਦੇ ਗੁਣ ਗਾਣ ਲਈ ਕੀਤੀ ਹੈ।

ਗੁਰੂ ਨਾਨਕ ਜੀ ਦਾ ਸਿਖ ਬਣਾਉਣ ਦਾ ਇਹ ਤਰੀਕਾ ੧੬੯੯ ਤਕ ਜਾਰੀ ਰਿਹਾ, ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਰੀਕੇ ਨੂੰ ਆਉਣ ਵਾਲੇ ਸਭ ਸਮਿਆਂ ਲਈ ਨਿਮਨ ਅਨੁਸਾਰ ਅੰਤਮ ਰੂਪ ਦਿਤਾ :-

੧- ਸਿੱਖ ਹੁਣ ਤੋਂ ਖੰਡੇ ਧਾਰ ਅੰਮ੍ਰਿਤ ਪਾਣ ਕਰਨ ਤੋਂ ਬਾਦ ਹੀ ਸਜਿਆ ਕਰਨਗੇ।

੨- ਸਭ ਤਦ-ਅਰਥੀ ਸਿਖਿਆਵਾਂ (ਦੀਖਿਆ) ਨਿਯਮਬਧ ਕਰ ਦਿਤੀਆਂ ਗਈਆਂ ਅਤੇ ਹਰ ਇਕ ਸਾਰ ਕਰ ਦਿਤੀਆਂ ਗਈਆਂ।

ਗੁਰੂ ਸਾਹਿਬ ਦੇ ਸਮੇਂ, ਜਦ ਸਿਖੀ ਦੂਰ ਦੂਰ ਫੈਲ ਰਹੀ ਸੀ, ਦੀਖਿਆ ਦੇਣ ਦਾ ਸ਼ੁਭ ਮਹਾਨ ਕਾਰਜ ਗੁਰੂ ਆਗਿਆ ਅਨੁਸਾਰ ਸੰਤ ਮਹਾਤਮਾ ਜਨ, ਗੁਰੂ ਤਾਬਿਆ ਹੋਕੇ, ਗੁਰੂ ਵਲੋਂ ਹੋ ਕੇ, ਕਰਦੇ ਸਨ, ਤੇ ਉਹਨਾਂ ਸਿਖਾਂ ਨੂੰ ਸ਼੍ਰੀ ਗੁਰੂ ਹਜ਼ੂਰ ਲਿਆ ਕੇ, ਜਾਂ ਘਲ ਕੇ ਗੁਰ ਦੀ ਸ਼ਰਨੀ ਪਾਂਦੇ ਸਨ। ਹੁਣ ਇਹ ਕੰਮ ਪੰਜ ਪਿਆਰਿਆਂ ਦੇ ਸਪੁਰਦ ਹੋ ਗਿਆ ਜੋ ਗੁਰੂ ਤਾਬਿਆ ਹੋ ਕੇ ਕਰਦੇ ਹਨ।

੩- 'ਵਾਹਿਗੁਰੂ' ਗੁਰ-ਮੰਤਰ ਪਹਿਲਾਂ ਵਾਂਗ ਜਾਰੀ ਰਿਹਾ ਅਤੇ ਸਦਾ ਲਈ ਅਟੱਲ ਰਿਹਾ।

੪- ਸਿਖਾਂ ਦਾ ਗੁਰ ਫਤਹ ਦਾ ਤਰੀਕਾ ਚਾਲੂ ਕੀਤਾ ਗਿਆ। ਅਤੇ ਇਹ ਗੁਰ-ਮੰਤਰ ਵਿਚੋਂ ਲਿਆ ਗਿਆ।

ਸ਼ਾਇਦ ਕਿਸੇ ਵੀ ਹੋਰ ਧਰਮ ਵਿਚ ਪਰਵੇਸ਼ਕਾ ਦਾ ਤਰੀਕਾ ਇਨ੍ਹਾਂ ਮਹੱਤਵ ਪੂਰਨ ਨਹੀਂ ਹੈ, ਜਿਨ੍ਹਾਂ ਕਿ ਸਿਖ ਧਰਮ ਵਿਚ ਹੈ। ਇਹ ਸਿਖ, ਸਿਖ ਪੰਥ ਅਤੇ ਸਿਖ ਗੁਰੂ ਦੇ ਜੀਵਨ ਵਿਚ ਇਕ ਮਹਾਨ ਮੀਲ ਪੱਥਰ ਰਿਹਾ ਹੈ ਅਤੇ ਰਹੇਗਾ। ਆਓ ਅਸੀਂ ਇਹਨਾਂ ਸਾਰਿਆਂ ਤੇ ਵਿਚਾਰ ਕਰੀਏ :-

## (੧) ਸਿਖ ਸਬੰਧੀ

ਗੁਰੂ ਜੀ ਦਾ ਹਰ ਸਿਖ ਲਈ ਸਦਾਈ ਫੁਰਮਾਨ ਹੈ ਕਿ ਉਹ ਅੰਮ੍ਰਿਤ ਪਾਨ ਕਰੇ। ਇਥੋਂ ਤੱਕ ਕਿ ਉਹਨਾਂ ਸਿਖਾਂ ਨੂੰ ਵੀ ਅੰਮ੍ਰਿਤ ਪਾਨ ਕਰਨਾ ਪਿਆ ਜਿਨ੍ਹਾਂ ਪਹਿਲਾਂ ਚਰਨ-ਪਾਹੁਲ ਲਿਆ ਹੋਇਆ ਸੀ।

੨. ਇਸ ਨਾਲ ਮਨੁਖ ਨਵੇਂ ਜੀਵਨ ਵਿਚ ਪਰਵੇਸ਼ ਕਰਦਾ ਹੈ। ਇਹ ਉਸਦੇ ਅੰਦਰ ਨਵੀਂ ਰੂਹ ਬਖਸ਼ਦਾ ਹੈ। ਉਸਨੂੰ ਨਵਾਂ ਜੀਵਨ ਪਰਦਾਨ ਕਰਦਾ ਹੈ, ਅਤੇ ਮੁਕਤੀ ਦੀ ਰਾਹ ਤੇ ਪਾ ਦੇਂਦਾ ਹੈ। ਇਸ ਗਲ ਦਾ ਇਤਿਹਾਸ ਗਵਾਹ ਹੈ ਕਿ ਉਹ ਵਅ-ਕਿਤੀਆਂ ਜਿਹਿੜੇ ਪੀੜ੍ਹੀਆਂ ਤੋਂ ਨਿਰਬਲ ਅਤੇ ਬਲ ਹੀਣ ਆ ਰਹੇ ਸਨ, ਅੰਮ੍ਰਿਤ ਪਾਨ ਕਰਦਿਆਂ ਹੀ ਸੂਰਬੀਰ ਬਲਵਾਨ ਬਣ ਗਏ, ਇਥੋਂ ਤਕ ਕਿ ਇਕਲਾ ਇੱਕਲਾ ਲੱਖ ਲੱਖ ਦਾ ਬਹਾਦਰੀ ਨਾਲ ਮੁਕਾਬਲਾ ਕਰਨ ਲਗ ਪਿਆ। ਇਸ ਵਿਚ ਸ਼ਕ ਨਹੀਂ ਕਿ ਅੰਮ੍ਰਿਤ ਨੇ ਗਿਦੜਾਂ ਨੂੰ ਸ਼ੇਰ ਬਣਾ ਦਿਤਾ।

## (੨) ਸਿਖ ਪੰਥ ਸਬੰਧੀ

੧੬੯੯ ਤੋਂ ਬਾਦ, ਅੰਮ੍ਰਿਤ ਇਕ ਵਿਅਕਤੀ ਗਤ ਮਾਮਲਾ ਨਾ ਰਿਹਾ। ਇਹ ਸਾਰੇ ਸਿਖ ਪੰਥ ਦੇ ਸਾਂਝੇ ਹਿਤਾਂ ਦਾ ਮਾਮਲਾ ਬਣ ਗਿਆ। ਹੁਣ ਗੁਰੂ ਜੀ ਦਾ ਕੰਮ ਪੰਥ ਦੇ ਹਵਾਲੇ ਕੀਤਾ ਜਾ ਰਿਹਾ ਸੀ। ਹੁਣ ਤਕ ਗੁਰੂ ਜੀ ਸਾਰੇ ਦੁਨਿਆਵੀ ਕੰਮਾਂ ਲਈ ਇਸਦੀ ਅਗਵਾਈ ਕਰਦੇ ਸਨ, ਪਰੰਤੂ ਹੁਣ ਸਾਰੀ ਕੌਮ ਨੂੰ ਇਕ ਪੰਥ ਵਿਚ ਤਰਤੀਬ ਦਿਤੀ ਗਈ



www.AKJ.Org

ਅਤੇ ਉਸਨੂੰ ਆਪਣੇ ਹਿਤਾਂ ਦੀ ਰਖਿਆ ਅਤੇ ਪਰਬੰਧ ਕਰਨ ਦੇ ਯੋਗ ਬਣਾ ਦਿਤਾ ਗਿਆ। ਸੰਗਤ ਤੇ ਪੰਗਤ ਵਿਚ ਜੁੜਨ ਦੀ ਸੰਪਰਦਾ ਚਲ ਪਈ। ਲੰਗਰ ਦੀ ਸੰਸਥਾ ਸੰਗਤ ਵਿਚ ਪਰੇਮ ਨਾਲ ਸੇਵਾ ਦੀ ਇਕ ਉਦਾਹਰਨ ਹੈ, ਜਿਥੇ ਬਾਦਸ਼ਾਹ ਤੇ ਦਰਵੇਸ਼,

## ਅੰਮ੍ਰਿਤ (ਪਾਹੁਲ) ਦੀ ਮਹਾਨਤਾ

ਕਈ ਇਕ ਵਅਕਤੀਆਂ ਨੇ ਅੰਮ੍ਰਿਤ ਪਾਨ ਨਹੀਂ ਕੀਤਾਂ ਤੇ ਇਸ ਭੁਲੇਖ ਵਿਚ ਹਨ ਕੇ ਉਹ ਅਜੇ ਕਮਜ਼ੋਰੀਆਂ ਨਾਲ ਭਰਪੂਰ ਹਨ, ਤੇ ਅਧੂਰੇ ਹਨ, ਤੇ ਅੰਮ੍ਰਿਤ ਉਦੋਂ ਛਕਣਗੇ ਜਦੋਂ ਪੂਰਣਤਾ ਹਾਸਲ ਕ ਰ ਲੈਣਗੇ।

ਜਦ ਪੂਰਨਤਾ ਹੀ ਪਰਾਪਤ ਕਰ ਲਈ ਫਿਰ ਕਿਸੇ ਯਤਨ ਦੀ ਲੋੜ ਵੀ ਕੀ ਹੈ। ਇਹ ਭੁਲ ਜਾਈਂਦਾ ਹੈ ਕਿ ਪੂਰਨ ਸਿਰਫ ਗੁਰੂ ਕਰਤਾਰ ਜੀ ਹਨ। ਅਸੀਂ ਖਿਨ ਖਿਨ ਭੁਲਨਹਰ ਹਾਂ ਅੰਮ੍ਰਿਤ ਛਕਣਾ ਹੈ ਤਾਂ ਗੁਰੂ ਪਰਣੇ ਹੋ ਕੇ ਆਪਣਾ ਜ਼ੋਰ ਤਾਂ ਕਿਸੇ ਅਰਥ ਨਹੀਂ। "ਜਿਸ ਹਥ ਜੋਰ ਕਰ ਵੇਖੈ ਸੋਇ" (ਜਪੁਜੀ) ਨੇਕ ਨੀਯਤ ਹੋ ਕੇ ਦ੍ਰਿੜਤਾ ਧਾਰਨ ਕਰਕੇ, ਗੁਰੂ ਆਸਰੇ ਅੰਮ੍ਰਿਤ ਪਾਨ ਕਰਨਾ ਹੈ। ਪੁਗਣਾ ਹੈ ਤਾਂ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਨਾਲ "ਡੋਲਨ ਤੇ ਰਾਖਉ ਪ੍ਰਭੂ"

ਇਕ ਪੱਧਰ ਤੇ ਆਕੇ "ਇਕ" ਹੋ ਗਏ। ਸਿਖ ਸੰਤ ਸਿਪਾਹੀ ਸੀ। ਵਿਅਕਤੀ-ਗਤ ਸਿਪਾਹੀ ਜੀਵਨ (ਸ਼ਖਸੀ ਜਾਂ ਜ਼ਾਤੀ) ਬੇ ਅਰਥ ਹੀ ਹੈ। ਸਿਖ ਜਨਤਾ ਵਿਚ ਏਕਤਾ ਤੇ ਇਕਤਰਤਾ ਜ਼ਰੂਰੀ ਹੋ ਗਈ। ਖਾਲਸਈ ਝੰਡਾ ਝੂਲ ਗਿਆ। ਤੇ ਹੁਣ ਸਿਖ ਜਿਥੇ ਕਿਥੇ ਵੀ ਹੈ, ਅੱਕਲਾ ਨਹੀਂ ਅਕੱਠਾ ਹੈ। ਸਿਖ ਨਾਲ ਗੁਰੂ ਤੇ ਸਰਬਤ ਖਾਲਸਾ ਹੈ। ਜਦੋਂ ਸਿਖ ਅਰਦਾਸ ਕਰਦਾ ਹੈ, ਤਦ ਗੁਰੂ ਹਜ਼ੂਰ ਹੋ ਕੇ ਕੀ ਬੇਨਤੀ ਕਰਦਾ ਹੈ? ਉਹ ਆਖਦਾ ਹੈ "ਪ੍ਰਿਥਮੇ ਸ੍ਰਬਤ ਖਾਲਸਾ ਜੀ ਕੀ ਅਰਦਾਸ" ਤੇ ਫੇਰ "ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ" ਹੁਣ ਸਾਰੇ ਇਕ ਫੈਮੀਲੀ, ਇਕ ਟਬਰ, ਇਕ ਜਾਨ ਹੋ ਗਏ, ਸਗਵਾਂ ਹੁਣ ਤਾਂ ਸਿਖ ਮਰਯਾਦਾ ਅਨੁਸਾਰ ਭਜਨ ਬੰਦਗੀ ਕਰਨ ਲਈ ਵੀ ਸੰਗਤ ਦੇ ਰੂਪ ਵਿਚ ਇਕੱਠੇ ਹੋਣਾ ਵੀ ਜ਼ਰੂਰੀ ਹੋ ਗਿਆ।

'ਸਾਧ ਸੰਗਤ ਵਿਚ ਅਲਖ ਲਖਾਯਾ"
ਸਾਧ ਸੰਗਤਿ ਸਚ ਖੰਡ ਵਸਾਯਾ"
"ਸਾਧ ਸੰਗਤਿ ਮਿਲ ਮਨ ਵਸਿ ਆਯਾ"
"ਸਾਧ ਸੰਗਤ ਮਿਲ ਬੰਦ ਖਲਾਸੀ"
(ਭਾਈ ਗੁਰਦਾਸ)

ਨਵਾਂ ਚਾਲੂ ਕੀਤਾ ਗਿਆ ਅੰਮ੍ਰਿਤ ਹੁਣ ਗੁਰੂ ਅਤੇ ਸਿਖ ਵਿਚਕਾਰ ਅਜਿਆ ਦੋ ਤਰਫਾਂ ਮਾਮਲਾ ਨਹੀਂ ਸੀ ਜਿਸ ਨਾਲ ਤੀਜੇ ਵਅਕਤੀ ਦਾ ਕੋਈ ਸਬੰਧ ਨਾ ਹੋਵੇ। ਪਹਿਲੇ "ਪੰਜ ਪਿਆਰੇ" ਚੁਣਨ ਲਈ ਸਾਰੇ ਸਿਖ ਪੰਥ ਨੂੰ ਸੱਦਾ ਦਿਤਾ ਗਿਆ ਅਤੇ ਉਹ ਪੰਥ ਦੀ ਸੇਵਾ ਲਈ ਪੰਥ ਵਿਚੋਂ ਹੀ ਲਏ ਗਏ। ਧਰਮ ਵਿਚ ਇਕ ਲਾਸਾਨੀ ਲੋਕ ਰਾਜੀ ਸੰਸਥਾ ਸਥਾਪਤ ਕੀਤੀ ਗਈ। ਇਹ ਪੰਥ ਨੂੰ ਗੁਰਿਆਈ ਵਿਚ ਤਬਦੀਲ ਕਰਨ ਦਾ ਅਧਾਰ ਬਣਿਆ ਜਿਸਨੂੰ ਬਾਦ ਵਿਚ ਗੁਰੂ ਪੰਥ ਜਾਨਿਆਂ ਗਿਆ।

ਅਜ ਅੰਮ੍ਰਿਤ ਕੌਮ ਨੂੰ ਕੌਮ ਲਈ, ਕੌਮ ਵਲੋਂ, ਮਹਾਨ ਗੁਰੂ ਜੀ ਦੀ ਸਰਪਰਸਤੀ ਅਧੀਨ ਛਕਾਇਆ ਜਾਂਦਾ ਹੈ।

## (੩) ਗੁਰੂ ਸਬੰਧੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਖ-ਧਰਮ ਪਰਵੇਸ਼ਤਾ ਨੂੰ ਸਵੈਚਲਤਾ ਪਰਦਾਨ ਕੀਤੀ। ਅਰਥਾਤ ਨਾਮ ਦੀ ਦਾਤ ਜਿਹੜੀ ਪਹਿਲਾਂ ਕੇਵਲ ਗੁਰੂ ਸਾਹਿਬ ਹੀ ਬਖਸ਼ ਸਕਦੇ ਸਨ,

(ਚਲਦਾ)



www.AKJ.Org

# ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ

(ਭਾਈ ਜਸਬੀਰ ਸਿੰਘ ਜੀ ਪਟਿਆਲਾ)

ਅਕਾਲ ਪੁਰਖ ਦੀ ਫੌਜ ਖਾਲਸਾ ਜੀ ਦੇ ਬਾਨੀ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਚਮ ਜੋਤਿ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ, ਪਾਤਸ਼ਾਹਾਂ ਦੇ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਜਨਮ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਜਗਮਗ ਬਿਰਾਜ ਰਹੀ' ਤੀਜੀ ਜੋਤਿ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁਤਰੀ, ਬੀਬੀ ਭਾਨੀ ਜੀ ਦੀ ਕੁਖੋਂ, ਭਾਈ ਜੇਠਾ ਜੀ (ਜੋ ਕਿ ਬਾਅਦ ਵਿਚ 'ਸ੍ਰੀ ਰਾਮ ਦਾਸ ਜੀ' ਅਤੇ ਸੰਮਤ ੧੬੩੧ ਵਿਚ ਗੁਰ-ਗੱਦੀ ਤੇ ਬੈਠ ਕੇ 'ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ' ਬਣ ਗਏ) ਦੇ ਘਰ ਵਿਸਾਖ ਵਦੀ ੭, ੧੯ ਵਿਸਾਖ ਸੰਮਤ ੧੬੨੦ ੧੫ ਅਪਰੈਲ ਸੰਨ ੧੫੬੩ ਨੂੰ ਦਰਿਆਏ ਬਿਆਸ ਦੇ ਕੰਡੇ, ਗੋਇੰਦਵਾਲ, ਤਸੀਲ ਤਰਨ-ਤਾਰਨ, ਜ਼ਿਲਾ ਅੰਮ੍ਰਿਤਸਰ ਵਿਚ ਉਸ ਸਮੇਂ ਹੋਇਆ, ਜਦੋਂ ਹਿੰਦੁਸਤਾਨ ਵਿਚ ਮੁਗਲ ਖਾਨਦਾਨ ਦਿਲੀ ਦੇ ਤਖਤ ਤੇ ਕਾਬਜ਼ ਸੀ।

ਆਪ ਜੀ ਦੀ ਬਾਲ ਅਵਸਥਾ ਗੋਇੰਦਵਾਲ ਵਿਚ ਹੀ ਬੀਤੀ, ਆਪ ਜੀ ਦੇ ਨਾਨਾ ਜੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਬਚਪਨ ਵਿਚ ਹੀ ਆਪ ਜੀ ਦੇ ਹੋਣ ਹਾਰ ਤੇ ਸੰਤ–ਸਰੂਪ ਸੁਭਾ ਦੇਖ ਕੇ, ਧੁਰ ਦਰਗਾਹੋਂ ਹੀ ਗੁਰਗਦੀ ਲਈ ਅੰਗਿਆ ਹੋਇਆ ਆਇਆ ਜਾਣ ਕੇ, ਆਪ ਜੀ ਨੂੰ 'ਦੋਹਿਤਾ ਬਾਣੀ ਦਾ ਬੋਹਿਥਾ' ਕਿਹਾ। ਤਕਰੀਬਨ ਸਾਢੇ ਯਾਰਾਂ ਸਾਲ ਗੋਇੰਦਵਾਲ ਬਿਤਾਉਣ ਤੋਂ ਬਾਅਦ ਆਪ ਜੀ ਸੰਮਤ ੧੬੩੧ ਵਿਚ ਆਪਣੇ ਪਿਤਾ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਮਿਲਣ ਤੇ, ਪਰਿਵਾਰ ਸਮੇਤ ਉਹਨਾਂ ਨਾਲ 'ਗੋਇੰਦਵਾਲ' ਛਡ ਕੇ 'ਗੁਰੂ ਕੇ ਚੱਕ (ਅੰਮ੍ਰਿਤਸਰ) ਆ ਗਏ।

ਆਪ ਜੀ ਨੇ ਜਦੋਂ ਤੋਂ ਸੁਰਤ ਸੰਭਾਲੀ ਸੀ ਆਪਣੇ ਪਿਤਾ ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ ਨੂੰ ਇਸ ਸੰਸਾਰ ਰੂਪ ਭਵ ਸਾਗਰ 'ਤੋਂ ਤਾਰਨਹਾਰ, ਮੁਕਤੀ ਦਾਤਾ ਗੁਰੂ ਸਮਝਕੇ, ਉਹਨਾਂ ਦੇ ਹਰ ਹੁਕਮ ਦਾ ਪਾਲਨ ਕਰਨ ਤੇ ਉਹਨਾਂ ਦੀਆਂ ਖੁਸ਼ੀਆਂ ਤੇ ਅਸੀਸਾਂ ਪਰਾਪਤ ਕਰਨ ਦੇ ਆਹਰ ਵਿਚ ਲਗੇ ਰਹਿੰਦੇ ਸਨ।

ਤਕਰੀਬਨ ੧੬ ਸਾਲ ਦੀ ਉਮਰ ਵਿਚ ੨੩ ਹਾੜ ਸੰਮਤ ੧੬੩੬ ਨੂੰ ਪਿੰਡ ਮੌ, ਤਸੀਲ ਫਲੌਰ, ਜ਼ਿਲਾ ਜਲੰਧਰ ਦੇ ਵਸਨੀਕ ਸ੍ਰੀ ਕ੍ਰਿਸ਼ਨਚੰਦ ਜੀ ਦੀ ਸਪੁ-ਤਰੀ ਸ੍ਰੀ ਮਾਤਾਗੰ ਗਾ ਜੀ ਨਾਲ ਆਪ ਜੀ ਦਾ ਵਿਵਾਹ ਹੋਇਆ, ਜਿਨ੍ਹਾਂ ਦੀ ਕੁਖੋਂ ੨੧ ਹਾੜ ਸੰਮਤ ੧੬੫ ਨੂੰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਪੈਦਾ ਹੋਏ।



www.AKJ.Org

ਆਪ ਜੀ ਦੇ ਦੋ ਹੋਰ ਭੀ ਵੱਡੇ ਭਾਈ ਸਨ, ਪਿਰਥੀ ਚੰਦ ਤੇ ਮਹਾਂ ਦੇਵ। ਸਭ ਤੋਂ ਵਡਾ ਭਾਈ ਪਿਰਥੀ ਚੰਦ ਗੁਰੂ ਅੰਸ਼ ਵਿਚੋਂ ਹੁੰਦਾ ਭੀ ਮਾਇਆ ਦੇ ਜਾਲਾਂ ਵਿਚ ਜਕੜਿਆ ਹੋਇਆ ਸ਼ੀ। ਦੂਜਾ ਭਾਈ ਮਹਾਂ ਦੇਵ ਇਸ ਦੁਨੀਆਂ ਤੋਂ ਉਪਰਾਮ ਹੋ ਚੁਕਾ ਸੀ। ਉਹ ਇਕਾਂਤ ਵਿਚ ਰਹਿ ਕੇ ਬਿਰਕਤ ਬਿਰਤੀ ਵਾਲ ਸਾਧੂ ਸੁਭਾ ਸੀ। ਜਿਸ ਨੂੰ ਕਿਸੇ ਪਰਕਾਰ ਦਾ ਕੋਈ ਲਾਲਚ ਨਹੀਂ ਸੀ।

ਆਪ ਜੀ ਸਭ ਤੋਂ ਛੋਟੇ ਭਾਈ ਸਨ। ਆਪ ਜੀ ਦਾ ਪਹਿਲਾ ਨਾਮ 'ਸ੍ਰੀ ਅਰਜਨ ਦੇਵ' ਸੀ ਆਪ ਦੀ ਬਿਰਤੀ ਨਾਮ ਵਿਚ ਲੀਨ ਰਹਿੰਦੀ ਸੀ। ਬਚਪਨ ਤੋਂ ਹੀ ਆਪ ਦੀ ਲਗਨ ਸਿੱਖੀ ਭਾਵਨਾ ਵਾਲੀ ਸੀ। ਆਪ ਜੀ ਦੇ ਸ਼ਾਂਤ–ਰਸ, ਅਤੇ ਚਹੁੰ ਸਤਿਗੁਰਾਂ ਦੀ ਰਚੀ ਹੋਈ ਬਾਣੀ ਦਾ ਪਰੇਮ ਨਾਲ ਪਾਠ ਕਰਨ ਆਦਿ ਦੇ ਸੁਭਾਵਾਂ ਕਰਨ ਹੀ ਸ੍ਰੀ ਗੁਰੂ ਰਾਮ ਦਾਸ ਜੀ ਨੇ ਜਾਣ ਲਿਆ ਸੀ ਕਿ ਉਹਨਾਂ ਤੋਂ ਮਗਰੋਂ ਸ੍ਰੀ ਅਰਜਨ ਦੇਵ ਹੀ ਗੁਰਿਆਈ ਦੇ ਯੋਗ ਸਨ। ਪਰੰਤੂ ਫਿਰ ਭੀ ਆਪਣੇ ਪੁਤਰਾਂ ਪਿਰਥੀ ਚੰਦ ਤੇ ਮਹਾਂ ਦੇਵ ਨੂੰ ਅਤੇ ਸੰਗਤਾਂ ਨੂੰ ਯਕੀਨ ਕਰਾਉਣ ਦੀ ਖਾਤਰ ਆਪ ਦੀ ਪਰੀਖਿਆ ਲਈ ਗਈ।

ਸੰਮਤ ੧੬੩੭ ਵਿਚ ਆਪ ਦੇ ਪਿਤਾ ਜੀ ਸ੍ਰੀ ਗੁਰੂ ਰਾਮ ਦਾਸ ਜੀ ਦੇ ਤਾਏ ਦੇ ਸਪੁਤਰ ਭਰਾ, ਸ੍ਰੀ ਸਹਾਰੀ ਮਲ ਜੀ, ਦੇ ਪੁਤ ਦੇ ਵਿਵਾਹ ਸਮੇਂ ਸ੍ਰੀ ਗੁਰੂ ਰਾਮ ਦਾਸ ਜੀ ਨੇ ਆਪਣੇ ਵਡੇ ਪੁਤਰ ਪਿਰਥੀ ਚੰਦ ਨੂੰ ਲਾਹੌਰ ਜਾਣ ਲਈ ਕਿਹਾ ਪਰੰਤੂ ਉਸ ਨੇ ਇਹ ਸਮਝਕੇ ਕਿ ਗੁਰਗਦੀ ਦਾ ਹਕਦਾਰ ਮੈਂ ਹਾਂ, ਸ਼ਾਇਦ ਮੇਰੇ ਜਾਣ ਤੋਂ ਬਾਦ ਇਹ ਗੁਰਗਦੀ ਕਿਸੇ ਹੋਰ ਨੂੰ ਨਾ ਦੇ ਦਿਤੀ ਜਾਵੇ ਲਾਹੌਰ ਜਾਣ ਤੋਂ ਇਨਕਾਰ ਕਰ ਦਿਤਾ। ਮਹਾਂ ਦੇਵ ਸਾਧੂ ਬਿਰਤੀ ਦੇ ਮਾਲਿਕ ਸਨ ਸੋ ਉਹਨਾਂ ਦੁਨਿਆਵੀ ਧੰਧੇ ਵਿਚ ਪੈਣ ਤੋਂ ਇਨਕਾਰ ਕਰ ਦਿਤਾ। ਅੰਤ ਸ੍ਰੀ ਅਰਜਨ ਦੇਵ ਜੀ ਲਾਹੌਰ ਜਾਣ ਲਈ ਤਿਆਰ ਹੋ ਗਏ। ਆਪ ਜੀ ਨੂੰ ਨਾਲ ਹੀ ਇਹ ਹੁਕਮ ਭੀ ਗੁਟ-ਦਰਬਾਰੋਂ ਹੋਇਆ ਕਿ ਵਿਵਾਹ ਤੋਂ ਕੁਝ ਦਿਨ ਬਾਅਦ ਆਪਣੀ ਧਰਮਸ਼ਾਲਾ ਵਿਚ ਜਾ ਕੇ ਟਿਕੋ, ਉਥੇ ਗੁਰਸਿਖੀ ਦਾ ਪਰਚਾਰ ਕਰੋ ਅਤੇ ਜਦੋਂ ਸਦਾ ਪੁਜੇ ਤਾਂ ਉਦੋਂ ਆ ਜਾਣਾ।

ਵਿਵਾਹ ਤੋਂ ਕੁਝ ਦਿਨ ਬਾਅਦ ਆਪ ਜੀ ਧਰਮਸ਼ਾਲਾ ਵਿਚ ਜਾ ਟਿਕੇ। ਜਦੋਂ ਗੁਰਸਿਖੀ ਦਾ ਪਰਚਾਰ ਕਰਦਿਆਂ ਆਪ ਜੀ ਨੂੰ ਕਾਫੀ ਸਮਾਂ ਹੋ ਗਿਆ ਤਾਂ ਆਪ ਜੀ ਨੇ ਗੁਰ–ਦਰਬਾਰ ਤੋਂ ਵਿਛੋੜੇ ਕਾਰਨ ਦੁਖ ਮਹਿਸੂਸ ਕੀਤਾ ਅਤੇ ਬਿਰਹੋਂ ਦੇ ਪੱਤਰ ਭੀ ਲਿਖਕੇ ਭੇਜੇ ਪਰੰਤੂ ਪਿਰਥੀ ਚੰਦ ਜੋ ਕਿ ਈਰਖਾ ਵਾਦੀ ਬੰਦਾ ਸੀ, ਦੇ ਹਥ ਇਹ ਪਤਰ ਆ ਜਾਂਦੇ ਅੰਤ ਇਕ ਪੱਤਰ ਸ੍ਰੀ ਗੁਰੂ ਰਾਮ ਦਾਸ ਜੀ ਤਕ ਪਹੁੰਚ ਗਿਆ। ਉਹ ਪਿਰਥੀ ਚੰਦ ਦੀ ਈਰਖਾ ਨੂੰ ਜਾਣ ਗਏ।

ਅੰਤ ਆਪ ਜੀ ਦੀ ਪ੍ਰੀਖਿਆ ਪੂਰੀ ਸਮਝਕੇ ਬਾਬਾ ਬੁੱਢਾ ਜੀ ਆਪ ਜੀ ਨੂੰ ਲਾਹੌਰੋਂ ਜਾ ਕੇ ਲੈ ਆਏ। ਸਭ ਸੰਗਤਾਂ ਦੀ ਸੰਮਤੀ ਅਤੇ ਆਪਣੀ ਸਚਖੰਡ ਵਾਪਸੀ ਦੇ ਸਮੇਂ ਨੂੰ ਨਜ਼ਦੀਕ ਆਇਆ ਦੇਖਕੇ ਸ੍ਰੀ ਗੁਰੂ ਰਾਮਦਾਸ ਜੀ ਨੇ ੧ ਸਤੰਬਰ ਸੰਨ ੧੫੮੧, ੨ ਅੱਸੂ (ਭਾਦੋਂ ਸੁਦੀ ੩) ਸੰਮਤ ੧੬੩੯ ਨੂੰ ਸ੍ਰੀ ਅਰਜਨ ਦੇਵ ਜੀ ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਗੁਰਗਦੀ ਤੇ ਬਿਠਾ ਦਿਤਾ। ਆਪ ਦਾ ਵਡਾ ਭਰਾ ਪ੍ਰਿਥੀ ਚੰਦ ਇਸ ਗਲ ਤੇ ਬਹੁਤ ਨਰਾਜ਼ ਹੋਇਆ ਅਤੇ ਉਸਨੇ ਗੁਰੂ ਅਰਜਨ ਦੇਵ ਜੀ ਦੀ ਵਿਰੋਧਤਾ ਸ਼ੁਰੂ ਕਰ ਦਿਤੀ।

ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ ਤੋਂ ਕੁਛ ਸਮੇਂ ਬਾਅਦ ਵਾਪਸ 'ਗੁਰੂ ਕੇ ਚੱਕ' ਆ ਗਏ। ਇਥੇ ਦਾ ਨਾਂ 'ਚੱਕ ਸ੍ਰੀ ਗੁਰੂ ਰਾਮਦਾਸ' ਰਖ ਦਿਤਾ।

ਪ੍ਰਿਥੀ ਚੰਦ ਨੇ ਇਥੇ ਭੀ ਆਪ ਦਾ ਡਟ ਕੇ ਵਿਰੋਧ ਕੀਤਾ। ਉਸ ਨੇ ਚੋਧਰੀਆਂ ਨੂੰ ਆਪਣੇ ਨਾਲ



www.AKJ.Org

ਮਿਲਾਕੇ ਗੁਰੂ ਸਾਹਿਬ ਜੀ ਤੋਂ ਸਾਰੀ ਜ਼ਮੀਨ ਅਤੇ ਮਕਾਨਾਂ ਤੋਂ ਆਉਂਦੀ ਆਮਦਨ ਆਪਣੇ ਨਾਮ ਲੁਆ ਲਈ। ਉਹ ਆਪਣੇ ਆਪ ਨੂੰ ਗੁਰੂ ਅਖਵਾਉਣ ਵਿਚ ਭੀ ਕੁਝ ਸਫਲ ਹੋ ਗਿਆ। ਗੁਰੂ ਅਰਜਨ ਦੇਵ ਜੀ ਹੁਣ ਕੇਵਲ ਜੋ ਸੰਗਤਾਂ ਕਾਰ-ਭੇਟ ਚੜ੍ਹਾਉਂਦੀਆਂ ਉਸ ਨਾਲ ਗੁਰੂ ਕੇ ਲੰਗਰ ਆਦਿ ਦਾ ਖਰਚ ਚਲਾਉਣ ਲਗ ਪਏ। ਆਪ ਕਈ ਵੇਰ ਭੁੰਨੇ ਛੋਲਿਆਂ ਤੇ ਹੀ ਗੁਜ਼ਾਰਾ ਕਰਨ ਲਗ ਪਏ। ਪ੍ਰਿਥੀ ਚੰਦ ਹੁਣ ਰਾਹ ਜਾਂਦੀਆਂ ਸੰਗਤਾਂ ਤੋਂ ਕਾਰ-ਭੇਟ ਭੀ ਆਪ ਲੈਣ ਲਗ ਪਿਆ। ਇਧਰ ਗੁਰੂ ਕੇ ਲੰਗਰ ਮਸਤਾਨੇ ਹੋਣ ਲਗੇ।

ਅੰਤ ਭਾਈ ਗੁਰਦਾਸ ਜੀ ਜੋ ਕਿ ਉਹਨਾਂ ਦਿਨਾਂ ਵਿਚ ਆਗਰੇ ਤੋਂ ਗੁਰਸਿਖੀ ਦਾ ਪਰਚਾਰ ਕਰਕੇ ਵਾਪਸ ਪਰਤੇ ਸਨ ਅਤੇ ਹੋਰ ਗੁਰਸਿਖਾਂ ਦੇ ਅਣਥਕ ਯਤਨਾਂ ਨਾਲ ਸੰਗਤਾਂ ਗੁਰੂ ਘਰ ਵਿਚ ਆਉਣ ਲਗ ਪਈਆਂ ਸਭ ਨੂੰ ਹੌਲੀ ਹੌਲੀ ਅਸਲੀਅਤ ਦਾ ਪਤਾ ਲਗ ਗਿਆ। ਪਰ ਪ੍ਰਿਥੀ ਚੰਦ ਆਪਣੇ ਭੈੜੇ ਵਤੀਰੇ ਤੋਂ ਬਾਜ਼ ਨ ਆਇਆ। ਉਸ ਨੇ ਦਿਲੀ ਵਿਚ ਜਾ ਕੇ ਅਕਬਰ ਦੇ ਦਰਬਾਰ ਵਿਚ ਭੀ ਫਰਿਆਦ ਕੀਤੀ ਕਿ ਮੈਂ ਸਭ ਤੋਂ ਵਡਾ ਹਾਂ ਤੇ ਗੁਰਗਦੀ ਤੇ ਮੇਰਾ ਹੱਕ ਹੈ ਸੋ ਮੇਰਾ ਹਕ ਮੈਨੂੰ ਦਿਵਾਇਆ ਜਾਵੇ ਪਰੰਤੂ ਉਥੇ ਭੀ ਉਸ ਦੀ ਪੇਸ਼ ਨ ਗਈ। ਕਿਉਂਕਿ ਅਕਬਰ ਬਾਦਸ਼ਾਹ ਗੁਰੂ ਘਰ ਤੋਂ ਬਹੁਤ ਪਰਭਾਵਤ ਸੀ। ਉਸਨੂੰ ਪਤਾ ਸੀ ਕਿ ਗੁਰ ਗੱਦੀ ਕਿਸੇ ਦੀ ਨਿਜੀ ਜਾਇਦਾਦ ਨਹੀਂ ਸਗੋਂ ਇਹ ਸੇਵਾ ਕਰਨ ਵਾਲੇ ਨੂੰ ਹੀ ਮਿਲਦੀ ਹੈ।

ਇਸ ਤੋਂ ਬਾਦ ਪ੍ਰਿਥੀਏ ਨੇ ਇਕ ਫੌਜਦਾਰ ਸੁਲਹੀ ਖਾਂ ਨੂੰ ਭੀ ਗੰਢ ਕੇ ਗੁਰੂ ਸਾਹਿਬ ਜੀ ਤੇ ਫੌਜ ਲੈ ਕੇ ਚਾੜ੍ਹਿਆ ਪਰੰਤੂ,

"ਸੁਲਹੀ ਤੇ ਨਾਰਾਇਣ ਰਾਖੁ ॥ ਸੁਲਹੀ ਕਾ ਹਾਥੁ ਕਹੀ ਨਾ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥੧॥ ਰਹਾਉ ॥ ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥ ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨ ਦੀਨਾ ਧਾਕੁ ॥ ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਛੋਡਿ ਗਇਆ ਸਭ ਭਾਈ ਸਾਕੁ ॥ ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥੧੮॥

ਦੇ ਮਹਾਂਵਾਕ ਅਨੁਸਾਰ ਸੁਲਹੀ ਖਾਂ ਘੋੜੇ ਉਪਰ ਚੜ੍ਹਿਆ ਪ੍ਰਿਥੀਚੰਦ ਦਾ ਭਠਾ ਵੇਖਦਾ ਵੇਖਦਾ ਭਠੇ ਵਿਚ ਡਿਗਕੇ ਸੜ ਮਰਿਆ।

ਪਿਰਥੀ ਚੰਦ ਦੇ ਸਭ ਜਤਨ ਨਾਕਾਮ ਰਹੇ ਪਰੰਤੂ ਉਸ ਨੇ ਗੁਰੂ ਸਾਹਿਬ ਦੀ ਵਿਰੋਧਤਾ ਨ ਛਡੀ। ਉਹ ਗੁਰੂ ਜੀ ਦੀ ਬਰਾਬਰੀ ਨ ਕਰ ਸਕਿਆ ਛਿਥਾ ਹੋਕੇ ਬੈਠ ਗਿਆ।

ਗੁਰੂ ਗੱਦੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਗੁਰੂ ਜੀ ਨੇ ਪਿਛਲੇ ਗੁਰੂਆਂ ਦੇ ਕੰਮ ਸੰਪੂਰਨ ਕਰਨੇ ਸ਼ੁਰੂ ਕਰ ਦਿਤੇ ਨਾਲ ਹੀ ਆਪ ਜੀ ਨੇ ਦਸਵੰਧ ਦੀ ਪ੍ਰਥਾ ਸਿਖਾਂ ਵਿਚ ਚਲਾਈ ਅਤੇ ਅੰਮ੍ਰਿਤਸਰ ਸਾਹਿਬ ਦਾ ਸਰੋਵਰ, ਕਰਤਾਰਪੁਰ (ਜਲੰਧਰ) ਛਿਹਰਟਾ ਸਾਹਿਬ, ਸ੍ਰੀ ਹਰਗੋਬਿੰਦ ਪੁਰਾ, ਬਾਉਲੀ ਸਾਹਿਬ, ਗੁਰੂ ਕਾ ਬਾਗ, ਸ੍ਰੀ ਰਾਮਸਰ ਆਦਿ ਨਗਰ, ਤੇ ਅਸਥਾਨ ਵਸਾਏ।

ਆਪ ਜੀ ਸਿਖਾਂ ਨੂੰ ਜਥੇਬੰਦ ਕਰਨਾ ਚਾਹੁੰਦੇ ਸਨ ਜਿਸ ਲਈ ਆਪ ਜੀ ਨੇ ਸਾਰੀ ਗੁਰਬਾਣੀ ਅਸਲੀ ਤੇ ਸ਼ੁਧ ਰੂਪ ਵਿਚ ਇਕਠਾ ਕਰਨ ਦਾ ਉਪਰਾਲਾ ਕੀਤਾ। ਤਾਂ ਕਿ ਇਸ ਧਰਮ ਸਬੰਧੀ ਕਿਸੇ ਤਰ੍ਹਾਂ ਦੀ ਪਾਟ ਦੀ ਗੁੰਜਾਇਸ਼ ਨਾ ਰਹੇ। ਆਪ ਜੀ ਨੇ ਸੰਮਤ ੧੬੫੫ ਵਿਚ ਗੁਰਬਾਣੀ ਇਕਤਰ ਕਰਨੀ ਸ਼ੁਰੂ ਕੀਤੀ ਜੋ ਕਿ ਸੰਮਤ ੧੬੬੦ ਵਿਚ ਸ੍ਰੀ ਰਾਮਸਰ ਜੀ ਦੇ ਕੰਢੇ ਬੈਠ ਕੇ ਤਰਤੀਬ ਦਿਤੀ ਗਈ। ਭਾਦੋਂ ਸੁਦੀ ੧ ਸੰਮਤ ੧੬੬੧ ਨੂੰ ਇਸ ਸੰਕਲਤ ਬਾਣੀ ਦੇ ਪੋਥੀ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ। ਬਾਬਾ ਬੁਢਾ ਜੀ ਨੂੰ ਉਥੇ ਦਾ ਪਹਿਲਾ ਗਰੰਥੀ ਨੀਯਤ ਕੀਤਾ ਗਿਆ।



www.AKJ.Org

ਇਧਰ ੧੬੦੫ ਈਸਵੀ ਵਿਚ ਅਕਬਰ ਬਾਦਸ਼ਾਹ ਆਗਰੇ ਮਰ ਗਿਆ ਸੀ ਅਤੇ ਇਸ ਤੋਂ ਬਾਅਦ ਉਸ ਦਾ ਲੜਕਾ ਜਹਾਂਗੀਰ ਤਖਤ ਤੇ ਬੈਠਾ। ਜਹਾਂਗੀਰ ਇਕ ਸ਼ਰਾਬੀ ਤੇ ਤਅਸਬੀ ਬੰਦਾ ਸੀ। ਮੁਲਾਂ ਤੇ ਕਾਜ਼ੀਆਂ ਨੇ ਇਸਲਾਮ ਦੇ ਵਾਧੇ ਲਈ ਉਸ ਦੇ ਖੂਬ ਕੰਨ ਭਰੇ।

ਜਹਾਂਗੀਰ ਨੇ ਮੁੜ ਜਜ਼ੀਆ ਲਾ ਦਿਤਾ। ਆਪਣੇ ਪਿਤਾ ਦੀਆਂ ਦਿਤੀਆਂ ਸਭ ਰਿਆਇਤਾਂ ਉਸ ਨੇ ਖੋਹ ਲਈਆਂ। ਬੀਰਬਲ ਵਰਗੇ ਸ਼ਰਾਰਤੀ ਦਰਬਾਰੀ ਅਤੇ ਚੰਦੂ ਵਰਗੇ ਈਰਖਾਲੂਆਂ ਨੇ ਪੋਥੀ ਸਾਹਿਬ (ਸ੍ਰੀ ਗੁਰੂ ਗਰੰਥ ਸਾਹਿਬ ਜੀ) ਬਾਰੇ ਉਸ ਦੇ ਕਈ ਤਰ੍ਹਾਂ ਨਾਲ ਕੰਨ ਭਰੇ। ਜਿਸ ਤੋਂ ਉਹ ਗੁਰੂ ਘਰ ਬਾਰੇ ਬੜਾ ਔਖਾ ਸੀ। ਉਹ ਆਪਣੇ ਸ੍ਵੈ ਜੀਵਨੀ 'ਤੋਜ਼ਕਿ ਜਹਾਂਗੀਰੀ' ਵਿਚ ਖੁਦ ਲਿਖਦਾ ਹੈ।

"ਦਰ ਗੋਇੰਦਵਾਲ ਕਿ ਬਰ ਕਿਨਾਰੇ ਦਰਿਆਏ ਬਿਆਹ ਵਾਕੇ ਅਸਤ ਹਿੰਦੂਏ ਬੂਦ ਅਰਜਨ ਨਾਮ ਦਰ ਲਿਬਾਸੇ ਪੀਰੋ ਵਾ ਸ਼ੇਖੋ। ਚੁੰਨਾਚੇ ਬਸਿਆਰੇ ਅਜ਼ ਸਾਦਾ ਲੋਹਾਨੇ ਹਿੰਦੂ ਬਲਕੇ ਨਾਦਾਨੋ ਸਫ਼ਹਾਨੇ ਅਸਲਮ ਰਾ ਮਕੀਦੇ ਅਤਵਾਰੇ ਓਜ਼ਾਏ ਖ਼ੁਦ ਸਾਖ਼ਤਾ ਕੋਸੇ ਪੀਰੀ ਵਾ ਵਲਾਇਤ ਰਾ ਬਲੰਦ ਅਵਾਜ਼ਾ ਗਰਦਾਨੀਦਾ ਬੂਦ। ਊ ਰਾ ਗੁਰੂ ਮੇ ਗੁਫ਼ਤੰਦ ਵਾ ਅਜ਼ ਅਤਰਾਫ਼ ਵਾ ਜਵਾਨਬ ਗੋਲਾਨੇ ਰੋਲ ਪਰੱਸਤਾਂ ਬਦ ਰਜੂਅ ਆਵੁਰਦਾ ਇਤਕਾਦੇ ਤਮਾਮ ਬਾ-ਊ ਅਜ਼ਹਾਰ ਮੇ ਕਰਦੰਦ। ਅੱਜ਼ ਸੇਹ ਚਹਾਰ ਪੁਸਤ ਊਈਂ ਦੁਕਾਨ ਰਾ ਗ਼ਰਮ ਮੇ ਦਾਸ਼ਤੰਦ । ਮੁਦਤ-ਹਾ ਬ-ਖ਼ਾਤਰ ਮੇ ਗੁਜ਼ਸ਼ਤ ਕਿ ਈਂ ਦੁਕਾਨੇ ਬਾਤਲ ਰਾ ਬਰਤਰਫ ਬਾਏਦ ਸਾਖ਼ਤ। ਯਾ ਊ ਰਾ ਦਰ ਜਿਰਗਾ ਅਹਿਲੇ ਅਸਲਾਮ ਦਰ ਜਿਰਗਾ ਅਹਿਲੇ ਅਸਲਾਮ ਦਰ ਬਾਏਦ ਆਵਰਦ।

ਤਾਂ ਆਂਕਿ ਦਰੀਂ ਅਯਾਮ ਖ਼ੁਸਰੋ ਅਜ਼ਾਂ ਰਾਹ ਅਬੂਰ ਮੇ ਨਮੂਦ। ਈਂ ਮਰਦਕੇ ਮਜਹੂਲ ਅਰਾਦਾ ਕਰਦ ਕਿ ਮਲਾਜ਼ਮਤੇ ਊ ਦਰਿਯਾਬਦ। ਦਰ ਮਨਜ਼ਲੇ ਕਿ ਜਾਏ ਮਕਾਮੇ ਊ ਬੂਦ। ਖ਼ੁਸਰੋ ਰਾ ਨਜ਼ੂਲ ਉਫ਼ਤਾਦ। ਆਮਦਾ ਊ ਰਾ ਦੀਦ ਵਾ ਬਾਅਜ਼ੇ ਮੁਕਦਮਾਤ ਫ਼ਾਜਫ਼ਤਾ ਬਾਊ ਰਸਾਨੀਦ ਵਾ ਬਰ ਪੇਸ਼ਾਨੀ ਊ ਅੰਗੁਸ਼ੱਤੇ ਅੱਜ਼ ਜ਼ਾਫ਼ਰਾਨ ਕਿ ਬਦਿ ਅਸਤਲ੍ਹਾਹੇ ਹਿੰਦੂਆਂ ਕਿਸ਼ਕਾ ਗੋਇੰਦ ਕਸ਼ੀਦ ਵਾ ਆਂ ਰਾਂ ਸ਼ਗੂਨ ਮੇ ਦਾ ਨੰਦ।

ਹੁ ਈਂ ਮੁਕੱਦਮਾ ਬਮਸਾਮੇਅ ਜਾਹ ਓ ਜਲਾਲ ਮੇ ਰਸਦ ਵਾ ਬਿਤਲਾਨ ਊ ਰਾ ਬਵਜਾ ਅਕਮਲ ਮੇ ਦਾਨਿਸਤਮ। ਅਮਰ ਕਰਦਮ ਕਿ ਊ ਰਾ ਹਾਜ਼ਰ ਸਾਖ਼ਤੰਦ ਵਾ ਮਨਾਜ਼ਲ ਵਾ ਫ਼ਰਜ਼ੰਦਾਨੇ ਉਰਾ ਬਾ ਮਰਤਜ਼ਾ ਖ਼ਾਨ ਅਨਾਇਤ ਨਮੂਦਮ ਵਾ ਅਮਵਾਲੇ ਊ ਰਾ ਬਕੈਦੇ ਜ਼ਬਤ ਦਰ ਆਵਰਦਾ ਫਰਮੂਦਮ ਕਿ ਊ ਰਾ ਬਾ-ਸਿਆਸਤ ਵਾ ਬਾ-ਯਾਸਾ ਰਸਾਨੰਦ।"

ਇਹ ਫ਼ਾਰਸੀ ਦੀ ਸਹੀ ਤੁਜ਼ਕੇ ਜਹਾਂਗੀਰੀ ਦੀ ਨਕਲ ਹੈ ਜਿਹੜੀ ਕਿ ਖੁਦ ਜਹਾਂਗੀਰ ਨੇ ਆਪਣੇ ਹਥ ਨਾਲ ਲਿਖੀ ਹੈ ਤੇ ਹੁਕਮ ਦਿਤਾ ਹੈ।

ਇਸ ਦਾ ਪੰਜਾਬੀ ਅਨੁਵਾਦ ਇਉਂ ਹੈ:

"ਗੋਇੰਦਵਾਲ ਵਿਚ ਜੋ ਕਿ ਦਰਿਆ ਬਿਆਸਾ ਦੇ ਕੰਢੇ ਤੇ ਵਾਕਿਆ ਹੈ, ਪੀਰਾਂ ਤੇ ਫ਼ਕੀਰਾਂ ਦੇ ਭੇਸ ਵਿਚ ਅਰਜਨ ਨਾਂ ਦਾ ਇਕ ਹਿੰਦੂ ਸੀ। ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਨੂੰ ਨਹੀ, ਸਗੋਂ ਕਈ ਬੇ ਸਮਝ ਮੁਸਲਮਾਨਾਂ ਨੂੰ ਭੀ ਆਪਣੇ ਢੰਗ ਤਰੀਕਿਆਂ ਤੇ ਉਪਦੇਸ਼ਾਂ ਦਾ ਸਿਦਕੀ ਬਣਾਕੇ ਆਪਣੀ ਪੀਰੀ (ਵਡਿਆਈ) ਅਤੇ ਰੱਬ ਨਾਲ ਨਜ਼ਦੀਕੀ ਦਾ, ਅਥਵਾ ਪੀਰੀ ਤੇ ਵਲੀ ਹੋਣ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਆਖਦੇ ਸਨ ਅਤੇ ਸਾਰਿਆਂ ਪਾਸਿਆਂ ਤੋਂ ਮੂਰਖ ਅਤੇ ਮੂਰਖਾਂ ਦੇ ਪੁਜਾਰੀ ਲੋਕ ਉਸ ਦੇ ਉਦਾਲੇ ਆ ਜੁੜਦੇ ਸਨ। ਤਿੰਨਾਂ ਚਹੁੰ ਪੀੜੀਆਂ ਤੋਂ ਉਹਨਾਂ ਨੇ ਇਹ ਦੁਕਾਨ ਗਰਮ ਰੱਖੀ ਹੋਈ ਸੀ। ਮੁਦਤਾਂ ਤੋਂ ਮੇਰੇ ਦਿਲ ਵਿਚ ਖਿਆਲ ਆਇਆ ਕਰਦਾ ਸੀ ਕਿ ਜਾਂ ਤਾਂ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਹੀਦਾ ਹੈ ਤੇ ਜਾਂ ਉਸਨੂੰ ਮੁਸਲਮਾਨੀ ਮੱਤ ਵਿਚ ਲਿਆਉਣਾ ਚਾਹੀਦਾ ਹੈ



www.AKJ.Org

ਇਹਨਾਂ ਦਿਨਾਂ ਵਿਚ ਹੀ ਖ਼ੁਸਰੋ ਦਰਿਆ ਪਾਰ ਹੋਇਆ। ਜਾਹਲ ਤੇ ਹਕੀਤ ਖ਼ੁਸਰੋ ਨੇ ਉਸ (ਗੁਰੂ ਅਰਜਨ) ਪਾਸ ਪੜਾਅ ਕੀਤਾ। ਉਸ ਨੇ ਮਿਲਕੇ ਕਈ ਗਿਣੀਆਂ ਮਿਥਿਆਂ ਗੱਲਾਂ ਭੀ ਕੀਤੀਆਂ ਤੇ ਉਸ (ਗੁਰੂ ਅਰਜਨ) ਨੇ ਕੇਸਰ ਦਾ ਤਿਲਕ ਭੀ ਖੁਸਰੋ ਨੂੰ ਲਾਇਆ, ਜਿਸ ਨੂੰ ਹਿੰਦੂ ਲੋਕ ਚੰਗਾ ਸ਼ਗਨ ਕਹਿੰਦੇ ਹਨ ਮੈਂ ਇਸ ਦੇ ਪਾਜ ਨੂੰ ਅਗੇ ਹੀ ਚੰਗੀ ਤਰ੍ਹਾਂ ਜਾਣਦਾ ਸੀ। ਜਦੋਂ ਮੈਂ ਇਹ ਸੁਣਿਆ ਤਾਂ ਇਹ ਹੁਕਮ ਦਿਤਾ ਕਿ ਇਸ ਨੂੰ ਹਾਜ਼ਰ ਕੀਤਾ ਜਾਵੇ, ਉਸ ਦੇ ਘਰ ਬਾਰ ਤੇ ਅਸਬਾਬ ਨੂੰ ਜ਼ਬਤ ਕਰਕੇ ਉਸਦੇ ਬਚਿਆਂ ਨੂੰ ਮੁਰਤਜ਼ਾ ਖਾਂ ਦੇ ਹਵਾਲੇ ਕੀਤਾ ਜਾਵੇ। ਉਸਨੂੰ ਡਰਾ ਧਮਕਾ ਕੇ ਯਾਸਾ ਵਿਧੀ ਅਨੁਸਾਰ ਜਾਨੋਂ ਮਾਰ ਦਿਤਾ ਜਾਵੇ।''

ਬੇਸ਼ਕ ਚੰਦੂ ਦੀ ਧੀ ਦਾ ਸਾਕ ਮੋੜਨਾ ਆਦਿ ਕਈ ਕਾਰਨ ਸਨ ਪ੍ਰੰਤੂ ਇਹ ਸਭ ਤੋਂ ਵਡਾ ਲਿਖਤੀ ਸਬੂਤ ਸਾਡੇ ਕੋਲ ਜਹਾਂਗੀਰ ਆਪਣੀ ਸ੍ਵੈ ਜੀਵਨੀ ਵਿਚ ਆਪਣੇ ਹਥੀਂ ਲਿਖਿਆ ਹੈ। ਉਹ ਹੁਣ ਗੁਰੂ ਸਾਹਿਬ ਜੀ ਨੂੰ ਗ੍ਰਿਫਤਾਰ ਕਰਨਾ ਚਾਹੁੰਦਾ ਸੀ ਸੋ ਉਸਨੇ ਆਪਣੇ ਛੋਟੇ ਭਰਾ ਖੁਸਰੋ ਅਤੇ ਗੁਰੂ ਸਾਹਿਬ ਜੀ ਦੇ ਮੇਲ ਨੂੰ ਰਾਜਨੀਤਕ ਰੰਗਤ ਦੇ ਕੇ ਗ੍ਰਿਫਤਾਰੀ ਦਾ ਹੁਕਮ ਜਾਰੀ ਕਰ ਦਿਤਾ।

ਗ੍ਰਿਫਤਾਰੀ ਦੇ ਹੁਕਮ ਜਾਰੀ ਕਰਕੇ ਜਹਾਂਗੀਰ ਕਸ਼ਮੀਰ ਚਲਾ ਗਿਆ ਪਿਛੋਂ ਮੁਰਤਜ਼ਾ ਖਾਂ ਨੇ ਪੰਚਮ ਪਾਤਿਸ਼ਾਹ ਨੂੰ ਗ੍ਰਿਫਤਾਰ ਕਰਕੇ ਲਾਹੌਰ ਚੰਦੂ ਦੇ ਹਵਾਲੇ ਕਰ ਦਿਤਾ। ਜਿਸ ਨੇ 'ਯਾਸਾ' ਦੀ ਵਿਧੀ ਜਿਸ ਬਾਰੇ ਜਹਾਂਗੀਰ ਨੇ ਅਪਣੀ ਸ੍ਵੈ ਜੀਵਨੀ ਵਿਚ ਲਿਖਿਆ ਹੈ ਅਨੁਸਾਰ ਤਸੀਹੇ ਦੇਣੇ ਸ਼ੁਰੂ ਕਰ ਦਿਤੇ।

ਯਾਸਾ ਤੋਂ ਭਾਵ ਇਕ ਐਸੇ ਕਾਨੂੰਨ ਤੋਂ ਹੈ ਜੋ ਕਿ ਮੰਗੋਲ ਕਬੀਲੇ ਦੇ ਸਰਦਾਰ ਚੰਗੇਜ਼ ਖਾਂ ਨੇ ੧੨੦੬ ਈਸਵੀ ਵਿਚ ਬਣਾਇਆ ਸੀ ਜਿਸ ਅਨੁਸਾਰ ਕਿਸੇ ਮਜ਼ਬੀ ਆਗੂ, ਮੌਲਵੀ ਜਾਂ ਕਿਸੇ ਰੂਹਾਨੀ ਤਾਕਤ ਵਾਲੇ ਸੰਤ ਜਾਂ ਭਿਕੀ (ਸ਼ਮਾਨ ਧਰਮ ਦੇ ਪਰਚਾਰਕ) ਨੂੰ ਬਿਨਾਂ ਖੂਨ ਡੋਲ੍ਹੇ, ਪਾਣੀ ਵਿਚ ਉਬਾਲ-ਕੇ ਜਾਂ ਕਿਸੇ ਹੋਰ ਢੰਗ ਨਾਲ ਸ਼ਹੀਦ ਕਰਨਾ ਸੀ।

ਸੋ ਜਹਾਂਗੀਰ ਦੇ ਗੁਰੂ ਸਾਹਿਬ ਜੀ ਦੀ ਰੂਹਾਨੀ-ਅਤ ਅਤੇ ਰਾਜਨੀਤਕ ਅਸਰ ਤੋਂ ਬਹੁਤ ਘਾਬਰਿਆ ਹੋਣ ਕਾਰਨ ਗੁਰੂ ਸਾਹਿਬ ਜੀ ਨੂੰ ਪਹਿਲਾਂ ਉਬਲਦੇ ਪਾਣੀ ਦੀ ਸੜਦੀ ਦੇਗ ਵਿਚ ਬਿਠਾਇਆ ਗਿਆ। ਅਗਲੇ ਦਿਨ ਉਨ੍ਹਾਂ ਦੇ ਪਿੰਡੇ ਤੇ ਸੜਦੀ ਰੇਤ ਪੁਆਈ ਗਈ ਫਿਰ ਉਨ੍ਹਾਂ ਨੂੰ ਤਪਦੀ ਲੋਹ ਤੇ ਬਿਠਾ ਕੇ ਹੇਠਾਂ ਅਗ ਦੇ ਭਾਂਬੜ ਬਾਲੇ ਗਏ।

ਇਸ ਸਾਕੇ ਦੀ ਖਬਰ ਲਾਹੌਰ ਵਿਚ ਅਗ ਵਾਂਗ ਫੈਲ ਗਈ। ਪੀਰ ਮੀਆਂ ਮੀਰ ਨੇ ਆਹ ਦਾ ਨਾਹਰਾ ਮਾਰਿਆ ਪਰੰਤੂ ਉਸ ਨੂੰ ਗੁਰੂ ਸਾਹਿਬ ਜੀ ਨੇ ਭਾਣਾ ਮੰਨਣ ਲਈ ਕਿਹਾ।

ਆਖ਼ਰ ਜੇਠ ਸੁਦੀ ਚੌਥ ੧ ਹਾੜ ਸੰਮਤ ੧੬੬੨ ਨੂੰ ਰਾਵੀ ਦੇ ਠੰਡੇ ਪਾਣੀ ਵਿਚ ਆਪ ਜੀ ਦੀ ਜੋਤ ਅਕਾਲ ਪੁਰਖ ਦੀ ਜੋਤ ਨਾਲ ਜਾ ਮਿਲੀ

ਭਾਈ ਗੁਰਦਾਸ ਜੀ ਨੇ ਇਸ ਕਾਰਨਾਮੇ ਨੂੰ ਇਉਂ ਕਲਮਬੰਦ ਕੀਤਾ ਹੈ :—

ਰਹਿੰਦੇ ਗੁਰ ਦਰੀਆਉ ਵਿਚ,
ਮੀਨ ਕੁਲੀਨ ਹੇਤ ਨਿਰਬਾਣੀ।
ਦਰਸ਼ਨ ਦੇਖ ਪਤੰਗ ਜਿਉ,
ਜੋਤੀ ਅੰਦਰ ਜੋਤਿ ਸਮਾਣੀ।
ਸ਼ਬਦ ਸੁਰਤ ਲਿਵ ਮ੍ਰਿਗ ਜਯੋਂ,
ਭੀੜ ਪਈ ਚਿਤ ਅਵਰ ਨ ਆਣੀ।
ਚਰਨ ਕਵਲ ਮਿਲ ਭਵਰ ਜਯੋਂ,
ਸੁਖ ਸੰਪਟ ਵਿਚ ਰੈਣ ਵਿਹਾਣੀ।
ਗੁਰ ਉਪਦੇਸ ਨ ਵਿਸਰੈ ਬੰਬੀਹੈ,
ਜਿਉ ਆਖ ਵਖਾਣੀ।
ਗੁਰਮੁਖ ਸੁਖ ਫਲ ਪਿਰਮਰਸ,
ਸਹਿਜ ਸਮਾਧ ਸਾਧ ਸੰਠਾ ਜਾਣੀ।
ਗੁਰ ਅਰਜਨ ਵਿਟਹੁ ਕੁਰਬਾਣੀ।

ਆਉ! ਅਸੀਂ ਭੀ ਅਜ ਸਾਰੇ ਉਸ ਮਹਾਨ ਨਿਸ਼ਕਾਮ, ਤੇ ਨਿਰੋਲ ਪਰਮਾਰਥ ਦੇ ਕੰਮ ਲਈ ਸ਼ਹੀਦ ਹੋਣ ਵਾਲੇ ਸ਼ਹੀਦਾਂ ਦੇ ਸਿਰਤਾਜ ਨੂੰ ਪਰਨਾਮ ਕਰੀਏ। ਤੇ ਅਰਦਾਸ ਕਰੀਏ ਸਚੇ ਪਾਤਿਸ਼ਾਹ ਜੀਓ! ਸਾਨੂੰ ਕਲਿਜੁਗੀ ਜੀਵਾਂ ਨੂੰ ਭੀ ਭਾਣੇ ਵਿਚ ਰਖਕੇ ਚੜ੍ਹਦੀਆਂ ਕਲਾ ਬਖਸ਼ੋ।



www.AKJ.Org



ਗੁਰਦਵਾਰਾ ਸਾਹਿਬ ਤਰਨ ਤਾਰਨ (ਅੰਮ੍ਰਿਤਸਰ)
ਇਸ ਅਸਥਾਨ ਦੀ ਸੇਵਾ ਗੁਰੂ ਅਰਜਨ ਦੇਵ ਜੀ ਨੇ ਕਰਵਾਈ
ਸੰਮਤ ੧੬੪੭ ਬਿਕਰਮੀ ਨੂੰ

# ਮਥਰਾ ਵਿਖੇ ਸ਼ਹੀਦੀ ਗੁਰਪੁਰਬ ਪਰੋਗਰਾਮ

| | | | |
|---|---|---|---|
| ੧੦–੬–੬੭ | ਸਵੇਰੇ | ੫–੦੦ ਵਜੇ ਸਾਧਾਰਣ ਪਾਠ ਦੀ ਸਮਾਪਤੀ | |
| | ,, | ੫–੩੦ ਤੋਂ ੧੧–੩੦ ਤਕ ਕੀਰਤਨ ਸ੍ਰੀ ਆਸਾ ਜੀ ਦੀ ਵਾਰ | |
| | ਸ਼ਾਮ | ੭–੦੦ ਵਜੇ | ਸ੍ਰੀ ਰਹਿਰਾਸ ਦੇ ਪਾਠ ਮਗਰੋਂ ਕੀਰਤਨ ੯-੩੦ ਤਕ |
| ੧੧–੬–੬੭ | ਸਵੇਰੇ | ੫–੦੦ ਤੋਂ ੧੧–੩੦ ਤਕ ਕੀਰਤਨ ਸ੍ਰੀ ਆਸਾ ਜੀ ਦੀ ਵਾਰ | |
| | ਸ਼ਾਮ | ੪–੦੦ ਵਜੇ | ਅੰਮ੍ਰਿਤ ਸੰਚਾਰ ਆਰੰਭ |
| | ,, | ੭–੦੦ ਵਜੇ | ਸ੍ਰੀ ਰਹਿਰਾਸ ਦੇ ਪਾਠ ਮਗਰੋਂ ਕੀਰਤਨ ੯–੩੦ ਤਕ |
| ੧੨–੬–੬੭ | ਸਵੇਰੇ | ੫–੦੦ ਵਜੇ | ਕੀਰਤਨ ਸ੍ਰੀ ਆਸਾ ਜੀ ਦੀ ਵਾਰ ਚਲੇ ਸੋ ਚਲੇ |

ਨੋਟ–(੧) ਅੰਮ੍ਰਿਤ ਅਭਿਲਾਖੀ ਸਜਣ ਕਕਾਰਾਂ ਸਹਿਤ ਤਿਆਰ ਬਰਤਿਆਰ ਹੋ ਕੇ ਵਕਤ ਤੇ ਪੁਜਣ।
(੨) ਗੁਰਦਵਾਰਾ ਗੁਰੂ ਨਾਨਕ ਦਰਬਾਰ ਧੌਲੀ ਪਿਆਊ ਬਿਲਕੁਲ ਮਥਰਾ ਜੰਕਸ਼ਨ ਦੇ ਕੋਲ ਹੀ ਹੈ, ਮਥਰਾ-ਭਰਤਪੁਰ ਰੋਡ ਤੇ ਹੈ।
(੩) ਪੁਛ ਗਿਛ ਲਈ ਭਾਈ ਲਾਭ ਸਿੰਘ ਮਾਨ ਸਿੰਘ ਧੌਲੀ ਪਿਆਊ ਮਥਰਾ ਤੋਂ ਸੇਵਾ ਲਵੋਂ।

ਸੰਗਤਾਂ ਦੇ ਦਰਸ਼ਨ ਅਭਿਲਾਖੀ :–ਸਰਬਤ ਸੰਗਤ ਧੌਲੀ ਪਿਆਊ, ਮਥਰਾ (ਯ. ਪੀ.)

ਹਜ਼ਾਰਾ ਪ੍ਰਿੰਟਿੰਗ ਪ੍ਰੈਸ ਤਕੀਆ ਰਹੀਮ ਸ਼ਾਹ ਪਟਿਆਲਾ ਤੋਂ ਅਖੰਡ ਕੀਰਤਨੀ ਜੱਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋ ਮਾਜਰਾ ਪਟਿਆਲਾ–੩ ਤੋਂ ੫ ਜੂਨ ੧੯੬੭ ਨੂੰ ਪ੍ਰਕਾਸ਼ਤ ਕੀਤਾ।

www.AKJ.org